DEOL & NAGPAL
LAW FIRM LLP BARRISTERS & SOLICITORS
CRIMINAL DEFENCE
FAMILY LAW
REAL ESTATE CLOSING
CIVIL LITIGATION
IMMIGRATION APPEALS
Birdavinder S. Deol B.A., LL.B., LLM
Amanpreet S. Nagpal BA, LLB
905 796 0911
80 Maritime Ontario Blvd, Suite 55, Brampton, L6S OE7

hamdardtvcanada | @hamdardmediagroup | ads@hamdardtv.ca
24 ਘੰਟੇ 7 ਦਿਨ ਹਮਦਰਦ ਟੀ.ਵੀ. ਵੇਖਣ ਲਈ www.hamdardmediagroup.com ਤੇ ਵਿਜ਼ਿਟ ਕਰੋ
Estd.1991
ਹਮਦਰਦ
16 MAY, 2025 | HAMDARD WEEKLY | Pages : 12
HAMDARD PUNJABI NEWSPAPER: 2-1332 Khalsa Drive, Mississauga, ON L5S 0A2, Canada

MANN TRAVEL & TOURS
• Cottrelle: 905-595-1700
• Springdale: 905-497-6300
• Brampton: 905-595-2000
• Markham: 416-603-1800
• India 91-1624-223315,16-17
ਦੁਨੀਆ ਵਿੱਚ ਕਿਤੇ ਵੀ ਸਫ਼ਰ ਕਰਨ ਲਈ ਸਾਡੀਆਂ ਸੇਵਾਵਾਂ ਹਾਸਲ ਕਰੋ
HO: 499 Raylawson Blvd. Unit 32, Brampton, Ontario

Vol 33 No: 1799 | www.hamdardmediagroup.com | fb.com/hamdardmediagroup | youtube.com/@hamdardmediagroup | Email: ads@hamdardtv.ca | Ph: 905.791.9999 | Price $1.00

# ਕੈਨੇਡਾ ਦੀ ਸਰਕਾਰ ਵਿੱਚ ਤਿੰਨ ਪੰਜਾਬੀ ਮੰਤਰੀ ਹੋਏ ਸ਼ਾਮਿਲ

## ਦੋ ਭਾਰਤੀ ਤੇ ਇੱਕ ਪਾਕਿਸਤਾਨੀ ਐੱਮਪੀ ਵੀ ਸ਼ਾਮਲ

## 24 ਨਵੇਂ ਚਿਹਰਿਆਂ ਨੂੰ ਚੁਣਿਆ, 13 ਨੇ ਪਹਿਲੀ ਵਾਰ ਲੜੀ ਸੀ ਚੋਣ


ਟੋਰਾਂਟੋ (ਅਮਰ ਸਿੰਘ ਭੁੱਲਰ)- ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਮੰਗਲਵਾਰ ਨੂੰ ਆਪਣੀ ਨਵੀਂ ਕੈਬਿਨੇਟ ਚੁਣ ਲਈ ਹੈ। ਕਾਰਨੀ ਦੇ ਨਵੇਂ ਮੰਤਰੀ ਮੰਡਲ ਵਿਚ 28 ਮੈਂਬਰ ਹਨ। ਇਸ ਤੋਂ ਇਲਾਵਾ ਹਰੇਕ ਸੂਬੇ ਤੋਂ 9 ਅਤੇ ਇੱਕ ਉੱਤਰ ਤੋਂ ਸਟੇਟ ਸਕੱਤਰ ਚੁਣੇ ਗਏ ਹਨ। ਸਟੇਟ ਸਕੱਤਰ ਵਿੱਚ ਕੁਝ ਪੁਰਾਣੇ ਚਿਹਰੇ ਸ਼ਾਮਲ ਹਨ, ਪਰ ਜ਼ਿਆਦਾਤਰ ਉਹ ਲੋਕ ਹਨ ਜਿਹੜੇ ਕੈਬਿਨੇਟ ਵਿਚ ਨਹੀਂ ਰਹੇ ਜਾਂ ਪਿਛਲੇ ਮਹੀਨੇ ਦੀਆਂ ਫ਼ੈਡਰਲ ਚੋਣਾਂ ਵਿਚ ਐੱਮਪੀ ਬਣੇ ਹਨ। ਕੁਲ ਮਿਲਾ ਕੇ ਕਾਰਨੀ ਨੇ 24 ਨਵੇਂ ਚਿਹਰਿਆਂ ਨੂੰ ਚੁਣਿਆ ਹੈ ਜਿਨ੍ਹਾਂ ਵਿਚੋਂ 13 ਇਸ ਵਾਰ ਦੀਆਂ ਚੋਣਾਂ ਵਿਚ ਚੁਣੇ ਗਏ ਸਨ। ਕੁਝ ਮਹੀਨੇ ਪਹਿਲਾਂ, ਸੀਨ ਫਰੇਜ਼ਰ ਅਤੇ ਅਨੀਤਾ ਆਨੰਦ ਦੋਵੇਂ ਰਾਜਨੀਤਿਕ ਜੀਵਨ ਛੱਡਣ ਦੀ ਯੋਜਨਾ ਬਣਾ ਰਹੇ ਸਨ। ਹੁਣ ਉਨ੍ਹਾਂ ਦੋਵਾਂ ਕੋਲ ਵੱਡੇ ਨਵੇਂ ਕੈਬਨਿਟ ਵਿਭਾਗ ਹਨ। ਨਵੇਂ ਵਿਦੇਸ਼ ਮੰਤਰੀ ਆਨੰਦ ਅਤੇ ਨਵੇਂ ਨਿਆਂ ਮੰਤਰੀ ਫਰੇਜ਼ਰ ਦੋਵਾਂ ਨੇ ਐਲਾਨ ਕੀਤਾ ਸੀ ਕਿ ਉਹ ਦੁਬਾਰਾ ਸੰਸਦ ਮੈਂਬਰ ਵਜੋਂ ਚੋਣ ਨਹੀਂ ਲੜਨਗੇ ਪਰ ਕਾਰਨੀ ਦੇ ਆਉਣ ਨਾਲ ਉਨ੍ਹਾਂ ਨੇ ਆਪਣਾ ਮਨ ਬਦਲ ਲਿਆ।

ਫ੍ਰੈਂਸੁਆ ਫ਼ਿਲਿਪ ਸ਼ੈਂਪੇਨ ਵਿੱਤ ਮੰਤਰੀ ਵਜੋਂ ਬਰਕਰਾਰ ਰਹੇ। ਕ੍ਰਿਸਟੀਆ ਫ਼੍ਰੀਲੈਂਡ ਵੀ ਟ੍ਰਾਂਸਪੋਰਟ ਮੰਤਰੀ ਦਾ ਅਹੁਦਾ ਜਾਰੀ ਰੱਖ ਰਹੇ ਹਨ। ਸਟੀਵਨ ਗਿਲਬੌ ਅਧਿਕਾਰਤ ਭਾਸ਼ਾਵਾਂ ਲਈ ਮੰਤਰੀ ਅਤੇ ਕੈਨੇਡੀਅਨ ਸ਼ਨਾਖ਼ਤ ਅਤੇ ਸੱਭਿਆਚਾਰ ਮੰਤਰੀ ਵੱਜੋਂ ਬਰਕਰਾਰ ਹਨ। ਡੌਮਿਨਿਕ ਲੇਬਲਾਂ ਪਿਛਲੇ ਅੰਤਰਰਾਸ਼ਟਰੀ ਵਪਾਰ ਮੰਤਰਾਲੇ ਨਾਲੋਂ ਵਧੇਰੇ ਫ਼ੋਕਸ ਨਾਲ ਕੈਨੇਡਾ-ਅਮਰੀਕਾ ਵਪਾਰ ਦੇਖ ਰਹੇ ਹਨ। ਉਹ ਕਿੰਗਜ਼ ਪ੍ਰਿਵੀ ਕੌਂਸਲ ਦੇ ਪ੍ਰੈਜ਼ੀਡੈਂਟ ਵੱਜੋਂ ਬਰਕਰਾਰ ਹਨ। ਜੋਐਨ ਥੌਮਪਸਨ ਫ਼ਿਸ਼ਰੀਜ਼ (ਮੱਛੀ ਪਾਲਣ) ਮੰਤਰਾਲੇ 'ਤੇ ਬਰਕਰਾਰ ਰਹੇ। ਦਿਲਚਸਪੀ ਵਾਲੀ ਗੱਲ ਇਹ ਹੈ ਕਿ ਬਰੈਂਪਟਨ, ਓਨਟਾਰਿਓ ਤੋਂ ਦੋ ਐੱਮਪੀ ਕੈਬਨਿਟ ਵਿੱਚ ਹਨ ਅਤੇ ਇੱਕ ਸਟੇਟ ਸਕੱਤਰ ਨਿਯੁਕਤ ਹੋਏ ਹਨ। ਮਨਿੰਦਰ ਸਿੱਧੂ, ਸ਼ਫ਼ਕਤ ਅਲੀ, ਰੂਬੀ ਸਹੋਤਾ।



ਕਾਰਨੇ ਨੇ ਰਾਜ ਸਕੱਤਰਾਂ ਦੇ ਅਹੁਦੇ ਨੂੰ ਵਾਪਸ ਲਿਆਂਦਾ ਹੈ। ਇਤਿਹਾਸਕ ਤੌਰ 'ਤੇ, ਇਨ੍ਹਾਂ ਅਹੁਦਿਆਂ ਨੂੰ ਕਈ ਵਾਰ ਜੂਨੀਅਰ ਮੰਤਰੀ ਕਿਹਾ ਜਾਂਦਾ ਰਿਹਾ ਹੈ। ਉਹ ਕੈਬਨਿਟ ਦੇ ਮੈਂਬਰ ਨਹੀਂ ਹਨ, ਪਰ ਜਦੋਂ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਨਾਲ ਸਬੰਧਤ ਮਾਮਲਿਆਂ 'ਤੇ ਚਰਚਾ ਕੀਤੀ ਜਾ ਰਹੀ ਹੋਵੇ ਜਾਂ ਜੇ ਉਨ੍ਹਾਂ ਦੀ ਮੁਹਾਰਤ ਦੀ ਲੋੜ ਹੋਵੇ ਤਾਂ ਉਨ੍ਹਾਂ ਨੂੰ ਕੈਬਨਿਟ ਜਾਂ ਕੈਬਨਿਟ ਕਮੇਟੀ ਦੀਆਂ ਮੀਟਿੰਗਾਂ ਵਿੱਚ ਸੱਦਾ ਦਿੱਤਾ ਜਾ ਸਕਦਾ ਹੈ। ਕਾਰਨੇ ਦੀ ਨਵੀਂ ਟੀਮ ਵਿੱਚ ਹਰੇਕ ਸੂਬੇ ਅਤੇ ਇੱਕ ਪ੍ਰਦੇਸ਼ ਦੇ ਮੈਂਬਰ ਹਨ। ਹਰੇਕ ਸੂਬੇ ਤੋਂ ਇੱਕ ਕੈਬਨਿਟ ਮੰਤਰੀ ਹੁੰਦਾ ਹੈ, ਸਸਕੈਚਵਨ ਅਤੇ ਨਿਊ ਬਰੰਸਵਿਕ ਨੂੰ ਛੱਡ ਕੇ, ਜਿਨ੍ਹਾਂ ਨੂੰ ਇੱਕ ਸਕੱਤਰ ਅਲਾਟ ਕੀਤਾ ਜਾਂਦਾ ਹੈ। ਉੱਤਰੀ ਕੈਨੇਡਾ ਦੀ ਨੁਮਾਇੰਦਗੀ ਉੱਤਰ-ਪੱਛਮੀ ਪ੍ਰਦੇਸ਼ਾਂ ਤੋਂ ਇੱਕ ਮੰਤਰੀ ਨਾਲ ਕੀਤੀ ਜਾਂਦੀ ਹੈ।

ਓਨਟਾਰੀਓ ਵਿੱਚੋਂ 14 ਐੱਮਪੀ ਲਏ ਗਏ ਹਨ। ਜਿੰਨ੍ਹਾਂ ਵਿੱਚ 11 ਮੰਤਰੀ ਅਤੇ 3 ਸਕੱਤਰ ਸ਼ਾਮਲ ਹਨ। ਕਿਊਬੈਕ ਵਿੱਚੋਂ ਕੁੱਲ 9 (7 ਮੰਤਰੀ, 2 ਸਕੱਤਰ), ਬ੍ਰਿਟਿਸ਼ ਕੋਲੰਬੀਆ ਵਿੱਚੋਂ 5 (2 ਮੰਤਰੀ, 3 ਸਕੱਤਰ), ਨੋਵਾ ਸਕੋਸ਼ੀਆ ਵਿੱਚੋਂ 2 ਮੰਤਰੀ, ਨਿਊਫਾਊਂਡਲੈਂਡ ਅਤੇ ਲੈਬਰਾਡੋਰ ਵਿੱਚੋਂ 1 ਮੰਤਰੀ, ਅਲਬਰਟਾ ਵਿੱਚੋਂ 1 ਮੰਤਰੀ, ਮੈਨੀਟੋਬਾ ਵਿੱਚੋਂ 1 ਮੰਤਰੀ, ਉੱਤਰ-ਪੱਛਮੀ ਪ੍ਰਦੇਸ਼ ਵਿੱਚੋਂ 1 ਮੰਤਰੀ, ਪ੍ਰਿੰਸ ਐਡਵਰਡ ਆਈਲੈਂਡ ਵਿੱਚੋਂ 1 ਮੰਤਰੀ, ਨਿਊ ਬਰੰਜ਼ਵਿਕ ਵਿੱਚੋਂ 1 ਸੈਕਟਰੀ, ਸਸਕੈਚਵਨ ਵਿੱਚੋਂ 1 ਸੈਕਟਰੀ ਸ਼ਾਮਲ ਹਨ। ਮਾਰਕ ਕਾਰਨੀ



ਦੀ ਕੈਬਨਿਟ ਵਿੱਚ ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਨਾਗਰਿਕਤਾ ਮੰਤਰੀ ਦਾ ਅਹੁਦਾ ਲੀਨਾ ਮੇਟਲੇਗੇ ਦਿਆਬ, ਵਿਦੇਸ਼ ਮੰਤਰੀ ਦਾ ਅਹੁਦਾ ਅਨੀਤਾ ਅਨੰਦ, ਲੋਕ ਸੁਰੱਖਿਆ ਮੰਤਰੀ ਗੈਰੀ ਅਨੰਦਾਸੰਗਾਰੀ, ਖ਼ਜ਼ਾਨਾ ਬੋਰਡ ਦੇ ਪ੍ਰੈਜ਼ੀਡੈਂਟ ਸ਼ਫ਼ਕਤ ਅਲੀ, ਅੰਤਰਰਾਸ਼ਟਰੀ ਵਪਾਰ ਮੰਤਰੀ ਮਨਿੰਦਰ ਸਿੱਧੂ। (ਅਪਰਾਧ ਰੋਕਥਾਮ) ਲਈ ਸਟੇਟ ਸਕੱਤਰ ਰੂਬੀ ਸਹੋਤਾ, (ਅੰਤਰਰਾਸ਼ਟਰੀ ਵਿਕਾਸ) ਲਈ ਸਟੇਟ ਸਕੱਤਰ ਰਣਦੀਪ ਸਰਾਏ ਨਿਯੁਕਤ ਕੀਤੇ ਗਏ ਹਨ।

ਜ਼ਿਕਰਯੋਗ ਹੈ ਕਿ ਸਰੀ ਸੈਂਟਰ ਦੇ ਐੱਮਪੀ ਰਣਦੀਪ ਸਰਾਏ ਪਹਿਲੇ ਦਸਤਾਰਧਾਰੀ ਐੱਮਪੀ ਹਨ ਜੋ ਕਿ ਮੰਤਰੀ ਮੰਡਲ ਵਿੱਚ ਸ਼ਾਮਲ ਹੋਏ ਹਨ। ਬਰੈਂਪਟਨ ਨੌਰਥ-ਕੈਲੇਡਨ ਤੋਂ ਚੌਥੀ ਵਾਰ ਚੋਣ ਜਿੱਤ ਕੇ ਐੱਮਪੀ ਬਣੀ ਰੂਬੀ ਸਹੋਤਾ ਨੂੰ ਰਾਜ ਸਕੱਤਰ ਦਾ ਅਹੁਦਾ ਦਿੱਤਾ ਗਿਆ ਹੈ। ਰੂਬੀ ਸਹੋਤਾ ਨੇ ਪਹਿਲੀ ਵਾਰ 2015 ਵਿੱਚ ਚੋਣ ਲੜੀ ਸੀ। ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਕੈਬਨਿਟ ਵਿੱਚ ਵੀ ਰੂਬੀ ਸਹੋਤਾ ਨੂੰ ਕੈਬਨਿਟ ਵਿੱਚ ਅਹੁਦਾ ਦਿੱਤਾ ਗਿਆ ਸੀ ਅਤੇ ਮਾਰਕ ਕਾਰਨੀ ਦੀ ਚੋਣਾਂ ਜਿੱਤਣ ਤੋਂ ਬਾਅਦ ਪਹਿਲੀ ਕੈਬਨਿਟ ਵਿੱਚ ਵੀ ਐੱਮਪੀ ਰੂਬੀ ਸਹੋਤਾ ਨੂੰ ਸ਼ਾਮਲ ਕੀਤਾ ਗਿਆ ਹੈ। ਬਰੈਂਪਟਨ ਈਸਟ ਦੇ ਐੱਮਪੀ ਮਨਿੰਦਰ ਸਿੱਧੂ 2019 ਵਿੱਚ ਚੋਣ ਮੈਦਾਨ ਵਿੱਚ ਉੱਤਰੇ ਸਨ। ਲਗਾਤਾਰ ਤੀਸਰੀ ਵਾਰ ਜਿੱਤ ਹਾਸਲ ਕਰਨ ਤੋਂ ਬਾਅਦ ਮਨਿੰਦਰ ਸਿੱਧੂ ਨੂੰ ਇਸ ਵਾਰ ਮੰਤਰੀ ਮੰਡਲ ਵਿੱਚ ਸ਼ਾਮਲ ਕੀਤਾ ਗਿਆ ਹੈ। ਬਰੈਂਪਟਨ ਚਿੰਗੂਜ਼ੀ ਪਾਰਕ ਤੋਂ ਐੱਮਪੀ ਸ਼ਫ਼ਕਤ ਅਲੀ ਨੇ ਦੂਸਰੀ ਵਾਰ ਚੋਣ ਜਿੱਤੀ ਹੈ ਅਤੇ ਉਨ੍ਹਾਂ ਨੂੰ ਵੀ ਮੰਤਰੀ ਮੰਡਲ ਵਿੱਚ ਸ਼ਾਮਲ ਕਰ ਲਿਆ ਗਿਆ ਹੈ। ਸਮੂਹ ਪੰਜਾਬੀ ਭਾਈਚਾਰੇ ਨੂੰ ਮਾਰਕ ਕਾਰਨੀ ਦੀ ਕੈਬਨਿਟ ਵਿੱਚ ਸ਼ਾਮਲ ਹੋਏ ਤਿੰਨ ਪੰਜਾਬੀਆਂ 'ਤੇ ਮਾਣ ਮਹਿਸੂਸ ਹੋ ਰਿਹਾ ਹੈ।

# ਕੈਨੇਡਾ : 3 ਲੱਖ 56 ਹਜ਼ਾਰ ਪ੍ਰਵਾਸੀਆਂ ਨੂੰ ਮਿਲੀ ਸਿਟੀਜ਼ਨਸ਼ਿਪ

## ਜਨਵਰੀ ਤੋਂ ਮਾਰਚ ਦਰਮਿਆਨ 1 ਲੱਖ ਤੋਂ ਵੱਧ ਪ੍ਰਵਾਸੀਆਂ ਨੂੰ ਪੀ.ਆਰ., ਇੰਮੀਗ੍ਰੇਸ਼ਨ ਅਰਜ਼ੀਆਂ ਦਾ ਬੈਕਲਾਗ 8 ਲੱਖ ਤੋਂ ਹੇਠਾਂ ਆਇਆ

ਟੋਰਾਂਟੋ, 14 ਮਈ (ਵਿਸ਼ੇਸ਼ ਪ੍ਰਤੀਨਿਧ) : ਕੈਨੇਡਾ ਵੱਲੋਂ ਲੱਖਾਂ ਦੀ ਗਿਣਤੀ ਵਿਚ ਵੀਜ਼ਾ ਅਰਜ਼ੀਆਂ ਰੱਦ ਕੀਤੇ ਜਾਣ ਦਰਮਿਆਨ ਜਨਵਰੀ ਤੋਂ ਮਾਰਚ ਤੱਕ 104,300 ਪ੍ਰਵਾਸੀਆਂ ਨੂੰ ਪੀ.ਆਰ. ਦਿਤੀ ਗਈ ਅਤੇ 8 ਲੱਖ 53 ਹਜ਼ਾਰ ਅਰਜ਼ੀਆਂ ਇੰਮੀਗ੍ਰੇਸ਼ਨ ਤੇ ਸਿਟੀਜ਼ਨਸ਼ਿਪ ਵਿਭਾਗ ਕੋਲ ਵਿਚਾਰ ਅਧੀਨ ਹਨ। ਕੈਨੇਡੀਅਨ ਨਾਗਰਿਕਤਾ ਨਾਲ ਸਬੰਧਤ ਅਰਜ਼ੀਆਂ ਦੀ ਗੱਲ ਕੀਤੀ ਜਾਵੇ ਤਾਂ 2 ਲੱਖ 39 ਹਜ਼ਾਰ ਅਰਜ਼ੀਆਂ ਦੀ ਪ੍ਰੋਸੈਸਿੰਗ ਚੱਲ ਰਹੀ ਹੈ ਜਿਨ੍ਹਾਂ ਵਿਚੋਂ 1 ਲੱਖ 96 ਹਜ਼ਾਰ ਦਾ ਨਿਪਟਾਰਾ ਤੈਅਸ਼ੁਦਾ ਸਮਾਂ ਹੱਦ ਦੇ ਅੰਦਰ ਹੋਣ ਦੀ ਉਮੀਦ ਹੈ। ਇੰਮੀਗ੍ਰੇਸ਼ਨ ਵਿਭਾਗ ਨੇ ਦੱਸਿਆ ਕਿ 1 ਅਪ੍ਰੈਲ 2024 ਤੋਂ 31 ਮਾਰਚ 2025 ਤੱਕ 356,300 ਪ੍ਰਵਾਸੀਆਂ ਨੂੰ ਕੈਨੇਡੀਅਨ ਸਿਟੀਜ਼ਨਸ਼ਿਪ ਦਿਤੀ ਗਈ। ਵਿਜ਼ਟਰ ਵੀਜ਼ਾ, ਸਟੂਡੈਂਟ ਵੀਜ਼ਾ ਅਤੇ ਵਰਕ ਪਰਮਿਟ ਨਾਲ ਸਬੰਧਤ ਅਰਜ਼ੀਆਂ ਦਾ ਜ਼ਿਕਰ ਕੀਤਾ ਜਾਵੇ ਤਾਂ ਮੌਜੂਦਾ ਵਰ੍ਹੇ ਦੇ ਪਹਿਲੇ ਤਿੰਨ ਮਹੀਨੇ ਦੌਰਾਨ 1 ਲੱਖ 59 ਹਜ਼ਾਰ ਸਟੱਡੀ ਵੀਜ਼ਾ ਅਰਜ਼ੀਆਂ ਦਾ ਨਿਪਟਾਰਾ ਕੀਤਾ ਗਿਆ ਜਦਕਿ ਵਰਕ ਪਰਮਿਟ ਵਿਚ ਵਾਧੇ ਅਤੇ ਨਵੇਂ ਵਰਕ ਪਰਮਿਟ ਵਾਲੀਆਂ 3 ਲੱਖ 96 ਹਜ਼ਾਰ ਅਰਜ਼ੀਆਂ ਦੀ ਪ੍ਰੋਸੈਸਿੰਗ ਮੁਕੰਮਲ ਕੀਤੀ ਗਈ। ਦੱਸ ਦੇਈਏ ਕਿ ਇੰਮੀਗ੍ਰੇਸ਼ਨ ਵਿਭਾਗ ਕੋਲ 20 ਲੱਖ ਤੋਂ ਵੱਧ ਵੀਜ਼ਾ ਅਰਜ਼ੀਆਂ ਵਿਚਾਰ ਅਧੀਨ ਹਨ ਜਿਨ੍ਹਾਂ ਵਿਚੋਂ 7 ਲੱਖ 80 ਹਜ਼ਾਰ ਬੈਕਲਾਗ ਵਿਚ ਮੰਨੀਆਂ ਜਾ ਰਹੀਆਂ ਹਨ। ਵਿਜ਼ਟਰ ਵੀਜ਼ਾ 'ਤੇ ਕੈਨੇਡਾ ਪੁੱਜੇ ਲੋਕ ਆਪਣੀ ਵੀਜ਼ਾ ਮਿਆਦ ਵਿਚ ਵਾਧਾ ਕਰਵਾਉਂਦਿਆਂ ਵੱਧ ਤੋਂ ਵੱਧ ਸਮਾਂ ਮੁਲਕ ਵਿਚ ਰਹਿਣ ਨੂੰ ਤਰਜੀਹ ਦੇ ਰਹੇ ਹਨ। 2019 ਵਿਚ ਅਜਿਹੇ ਲੋਕਾਂ ਦੀ ਗਿਣਤੀ 1 ਲੱਖ 97 ਹਜ਼ਾਰ ਦਰਜ ਕੀਤੀ ਗਈ ਜੋ 2024 ਤੱਕ ਵਧ ਕੇ 3 ਲੱਖ 90 ਹਜ਼ਾਰ ਦੇ ਨੇੜੇ ਪੁੱਜਦੀ ਨਜ਼ਰ ਆਈ। ਕੈਨੇਡਾ ਵਿਚ ਮੌਜੂਦ ਹੁੰਦਿਆਂ ਵਿਜ਼ਟਰ ਵੀਜ਼ਾ ਮਿਆਦ ਵਿਚ ਵਾਧੇ ਦੀਆਂ ਸੰਭਾਵਨਾਵਾਂ ਕਾਫ਼ੀ ਵਧ ਜਾਂਦੀਆਂ ਹਨ ਅਤੇ 95 ਫ਼ੀ ਸਦੀ ਅਰਜ਼ੀਆਂ ਪ੍ਰਵਾਨ ਹੋਣ ਦੀ ਰਿਪੋਰਟ ਹੈ। ਉਧਰ ਸਟੱਡੀ ਵੀਜ਼ਾ ਅਰਜ਼ੀਆਂ ਰੱਦ ਹੋਣ ਦੀ ਰਫ਼ਤਾਰ ਬਹੁਤ ਜ਼ਿਆਦਾ ਹੋਣ ਕਾਰਨ ਭਾਰਤੀ ਵਿਦਿਆਰਥੀ ਹੁਣ ਆਇਰਲੈਂਡ ਵਰਗੇ ਮੁਲਕਾਂ ਨੂੰ ਤਰਜੀਹ ਦੇ ਰਹੇ ਹਨ ਜਿਸ ਦੇ ਮੱਦੇਨਜ਼ਰ ਕੈਨੇਡਾ ਦੇ ਸਟੱਡੀ ਵੀਜ਼ਾ ਲਈ 2024 ਦੌਰਾਨ ਪੁੱਜੀਆਂ ਅਰਜ਼ੀਆਂ ਦੀ ਗਿਣਤੀ 4 ਲੱਖ 69 ਹਜ਼ਾਰ ਰਹਿ ਗਈ ਜੋ 2023 ਵਿਚ 8 ਲੱਖ 68 ਹਜ਼ਾਰ ਦਰਜ ਕੀਤੀ ਗਈ ਸੀ। ਕੈਨੇਡਾ ਤੋਂ ਇਲਾਵਾ ਆਸਟ੍ਰੇਲੀਆ, ਯੂ.ਕੇ. ਅਤੇ ਅਮਰੀਕਾ ਦੇ ਸਟੱਡੀ ਵੀਜ਼ਾ ਲਈ ਵੀ ਕੌਮਾਂਤਰੀ ਵਿਦਿਆਰਥੀਆਂ ਵੱਲੋਂ ਅਰਜ਼ੀਆਂ ਵਿਚ ਵੱਡੀ ਕਮੀ ਆਈ ਹੈ। ਚੇਤੇ ਰਹੇ ਕਿ ਕੈਨੇਡੀਅਨ ਇੰਮੀਗ੍ਰੇਸ਼ਨ ਦੇ ਇਤਿਹਾਸ ਵਿਚ ਪਹਿਲੀ ਵਾਰ ਇਕ ਕੈਲੰਡਰ ਵਰ੍ਹੇ ਦੌਰਾਨ 23 ਲੱਖ ਤੋਂ ਵੱਧ ਵੀਜ਼ਾ ਅਰਜ਼ੀਆਂ ਰੱਦ ਕੀਤੀਆਂ ਗਈਆਂ। 2024 ਦੇ ਹੈਰਾਨਕੁੰਨ ਅੰਕੜੇ ਦਰਸਾਉਂਦੇ ਹਨ ਕਿ ਟੈਂਪਰੇਰੀ ਰੈਜ਼ੀਡੈਂਟ ਦੀਆਂ ਕੁਲ ਅਰਜ਼ੀਆਂ ਵਿਚੋਂ 50 ਫ਼ੀ ਸਦੀ ਸਿੱਧੇ ਤੌਰ 'ਤੇ ਰੱਦ ਹੋ ਗਈਆਂ ਅਤੇ ਇਹ ਅੰਕੜਾ 23 ਲੱਖ 50 ਹਜ਼ਾਰ ਰਿਹਾ। 2023 ਵਿਚ 18 ਲੱਖ ਵੀਜ਼ਾ ਅਰਜ਼ੀਆਂ ਰੱਦ ਕੀਤੀਆਂ ਗਈਆਂ ਸਨ। ਸਭ ਤੋਂ ਵੱਧ ਸਖ਼ਤੀ ਵਿਜ਼ਟਰ ਵੀਜ਼ਾ ਮੰਗਣ ਵਾਲਿਆਂ ਨਾਲ ਵਰਤੀ ਗਈ ਅਤੇ 54 ਫ਼ੀ ਸਦੀ ਅਰਜ਼ੀਆਂ ਰੱਦ ਹੋਈਆਂ ਜਦਕਿ 2023 ਵਿਚ 40 ਫ਼ੀ ਸਦੀ ਅਰਜ਼ੀਆਂ ਰੱਦ ਹੋਈਆਂ ਸਨ। ਦੂਜੇ ਪਾਸੇ ਇੰਮੀਗ੍ਰੇਸ਼ਨ ਵਿਭਾਗ ਵੱਲੋਂ ਤਿੰਨ ਮਹੀਨੇ ਬਾਅਦ ਕੈਨੇਡੀਅਨ ਤਜਰਬੇ ਵਾਲੀ ਸ਼੍ਰੇਣੀ ਵਿਚ ਐਕਸਪ੍ਰੈਸ ਐਂਟਰੀ ਦਾ ਡਰਾਅ ਕਢਦਿਆਂ 500 ਉਮੀਦਵਾਰਾਂ ਨੂੰ ਪੀ.ਆਰ. ਲਈ ਅਰਜ਼ੀ ਦਾਖਲ ਕਰਨ ਦਾ ਸੱਦਾ ਦਿਤਾ ਗਿਆ ਹੈ। ਘੱਟੋ ਘੱਟ ਸੀ.ਆਰ.ਐਸ. 547 ਰਿਹਾ ਅਤੇ ਯੋਗ ਉਮੀਦਵਾਰਾਂ ਨੂੰ 21 ਮਈ ਤੱਕ ਪ੍ਰੋਫਾਈਲ ਕ੍ਰੀਏਟ ਕਰਨ ਦੀ ਹਦਾਇਤ ਦਿਤੀ ਗਈ ਹੈ।



# ਉਨਟਾਰੀਓ ਦੇ ਲੋਕਾਂ ਨੂੰ ਗੈਸ ਟੈਕਸ ਤੋਂ ਪੱਕੀ ਰਾਹਤ

ਟੋਰਾਂਟੋ, 14 ਮਈ (ਵਿਸ਼ੇਸ਼ ਪ੍ਰਤੀਨਿਧ) : ਉਨਟਾਰੀਓ ਸਰਕਾਰ ਨੇ ਸੂਬੇ ਦੇ ਲੋਕਾਂ ਨੂੰ ਗੈਸ ਟੈਕਸ ਤੋਂ ਪੱਕੀ ਰਾਹਤ ਦੇਣ ਅਤੇ ਹਾਈਵੇਅ 407 ਈਸਟ ਤੋਂ ਟੋਲ ਹਟਾਉਣ ਦਾ ਐਲਾਨ ਕੀਤਾ ਹੈ। ਗੈਸ ਟੈਕਸ ਦੀ ਦਰ 9 ਸੈਂਟ ਪ੍ਰਤੀ ਲਿਟਰ ਬਣਦੀ ਹੈ ਅਤੇ ਇਸ ਦੇ ਪੱਕੇ ਤੌਰ 'ਤੇ ਮੁਆਫ਼ ਹੋਣ ਨਾਲ ਉਨਟਾਰੀਓ ਵਾਸੀਆਂ ਨੂੰ ਔਸਤਨ 115 ਡਾਲਰ ਸਾਲਾਨਾ ਦਾ ਫਾਇਦਾ ਹੋਵੇਗਾ ਜਦਕਿ ਹਾਈਵੇਅ 407 ਈਸਟ ਤੋਂ ਟੋਲ ਹਟਣ ਨਾਲ ਰੋਜ਼ਾਨਾ ਲੰਘਣ ਵਾਲਿਆਂ ਨੂੰ ਸਾਲਾਨਾ 7,200 ਡਾਲਰ ਦੀ ਬੱਚਤ ਹੋਵੇਗੀ। ਪ੍ਰੀਮੀਅਰ ਡਗ ਫੋਰਡ ਨੇ ਕਿਹਾ ਕਿ ਦੋਹਾਂ ਤਜਵੀਜ਼ਾਂ ਨੂੰ ਲਾਗੂ ਕਰਨ ਲਈ ਕਾਨੂੰਨ ਪਾਸ ਕਰਨਾ ਹੋਵੇਗਾ ਜਿਸ ਨੂੰ ਬਜਟ ਦਾ ਹਿੱਸਾ ਬਣਾਇਆ ਜਾ ਰਿਹਾ ਹੈ। ਵਿੱਤ ਮੰਤਰੀ ਪੀਟਰ ਬੈਥਲੈਨਫੌਲਵੀ 15 ਮਈ ਨੂੰ ਬਜਟ ਪੇਸ਼ ਕਰਨਗੇ। ਦੱਸ ਦੇਈਏ ਕਿ ਉਨਟਾਰੀਓ ਦੀ ਡਗ ਫੋਰਡ ਸਰਕਾਰ ਵੱਲੋਂ ਪਹਿਲੀ ਵਾਰ ਗੈਸੋਲੀਨ ਟੈਕਸ 1 ਜੁਲਾਈ 2022 ਤੋਂ ਹਟਾਇਆ ਗਿਆ ਅਤੇ ਹੁਣ ਤੱਕ ਚਾਰ ਵਾਰ ਇਸ ਛੋਟ ਨੂੰ ਅੱਗੇ ਵਧਾਇਆ ਜਾ ਚੁੱਕਾ ਹੈ। ਇਸ ਤੋਂ ਪਹਿਲਾਂ ਸੂਬਾ ਸਰਕਾਰ ਗੈਸੋਲੀਨ 'ਤੇ 5.7 ਸੈਂਟ ਪ੍ਰਤੀ ਲਿਟਰ ਅਤੇ ਡੀਜ਼ਲ 'ਤੇ 5.3 ਸੈਂਟ ਪ੍ਰਤੀ ਲਿਟਰ ਟੈਕਸ ਵਸੂਲ ਰਹੀ ਸੀ। ਦੂਜੇ ਪਾਸੇ ਲੈਡਡ ਗੈਸੋਲੀਨ ਜਾਂ ਐਵੀਏਸ਼ਨ ਫਿਊਲ ਵਾਸਤੇ ਟੈਕਸ ਦਰਾਂ ਵਿਚ ਕੋਈ ਤਬਦੀਲੀ ਨਹੀਂ ਕੀਤੀ ਜਾ ਰਹੀ। ਉਧਰ ਹਾਈਵੇਅ 407 ਤੋਂ ਟੋਲ ਹਟਾਉਣ ਨਾਲ ਸਬੰਧਤ ਕਾਨੂੰਨ ਪਾਸ ਹੋਣ ਮਗਰੋਂ ਬਰੌਕ ਰੋਡ ਤੋਂ ਹਾਈਵੇਅ 35/115 ਤੱਕ ਟੋਲ ਖ਼ਤਮ ਹੋ ਜਾਣਗੇ ਅਤੇ ਬਗੈਰ ਟੋਲ ਵਾਲਾ ਸਫ਼ਰ 1 ਜੂਨ 2025 ਤੋਂ ਸ਼ੁਰੂ ਹੋਵੇਗਾ। ਪ੍ਰੀਮੀਅਰ ਡਗ ਫੋਰਡ ਨੇ ਕਿਹਾ ਕਿ ਉਨਟਾਰੀਓ ਦੇ ਪਰਵਾਰ ਅਤੇ ਕਾਰੋਬਾਰੀ ਲਗਾਤਾਰ ਵਧਦੀਆਂ ਕੀਮਤਾਂ ਤੋਂ ਚਿੰਤਤ ਹਨ। ਇਸ ਤੋਂ ਇਲਾਵਾ ਅਮਰੀਕਾ ਵੱਲੋਂ ਪੈਦਾ ਹੋਏ ਟੈਰਿਫ਼ਸ ਦੇ ਖ਼ਤਰੇ ਤੋਂ ਵੀ ਲੋਕ ਡਰੇ ਹੋਏ ਹਨ ਜੋ ਰੋਜ਼ਾਨਾ ਵਰਤੋਂ ਵਿਚ ਆਉਣ ਵਾਲੀਆਂ ਚੀਜ਼ਾਂ ਮਹਿੰਗੀਆਂ ਹੋਣ ਦਾ ਕਾਰਨ ਬਣ ਸਕਦਾ ਹੈ।

www.deoltrvel.com
DEOL TRAVEL ਦਿਓਲ ਟ੍ਰੈਵਲ
ਦੁਨਿਆ ਵਿਚ ਕਿਤੇ ਵੀ ਸਫ਼ਰ ਕਰਨ ਲਈ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਮਿਲੋ ਜਾਂ ਸੰਪਰਕ ਕਰੋ
RAJVIR DEOL
Head Office: 6640 Finch Ave W, Unit 10, Etobicoke ON M9W 0B3 | Branch Office: 490 Chrysler Drive, Unit # 45, Brampton, ON L6S 0C1
Call 905 588 5100 | Call 905 588 4200

CENTURY TRAVEL SERVICES
ਇੰਡੀਆ ਜਾਂ ਦੁਨੀਆਂ ਵਿੱਚ ਕਿਸੇ ਵੀ ਦੇਸ਼ ਜਾਣ ਲਈ ਬਹੁਤ ਸਸਤੀਆਂ ਟਿਕਟਾਂ ਲਓ।
ਅੱਜ ਹੀ ਹੇਜ਼ਲ ਕੌਰ ਨੂੰ ਕਾਲ ਕਰੋ
Ph: 905.282.0220 / 416.742.8788
Toll Free: 1.877.742.8780
info@centurytravelservices.com
www.24x7travel.com
www.centurytravelservices.com
Unit 26A, 7895 Tranmere Drive, (Dixie & Derry) Mississauga, ON L5S 1V9, CANADA

CHAUHAN & ASSOCIATES
INSURANCE & FINANCIAL SERVICES
INSURANCE: LIFE, CRITICAL, VISITOR, DISABILITY, SUPERVISA
INVESTMENTS: RESP, RRSP, TFSA, RRIF, RETIREMENT PLANNING
MORTGAGES: RES, COMMERCIAL LOAN, PRIVATE FUNDING
TAX SERVICES: PERSONAL, CORPORATE, GST/HST, CRA AUDIT ASST.
KAMALJIT S. CHAUHAN
416-456-8559
kamch@rogers.com

TRIDENT LAW
PROFESSIONAL CORPORATION
BARRISTERS & SOLICITORS
Sandeep Chopra | Ravinder Singh
LITIGATION: Civil/Corporate/Commercial/Power of Sale
REAL ESTATE: All kind of Residential & Commercial Transaction
CORPORATE/BUSINESS LAW: Incorporation, Organization/Reorganization, Share Holder/Franchise Agreements
Main Office : 6A-1325 Derry Rd. East, Mississauga ON L5T 1B6
Satellite Office : 101-964 Albion Rd. Toronto ON M9V 1A7, Fax : 905-670-7082
905-670-7076


SEHMBI RENOVATION SINCE 2005
HIRING SKILLED WORKERS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪ੍ਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
ਕੰਮ ਦੀ Invoice ਵੀ ਦਿੱਤੀ ਜਾਵੇਗੀ
Legal Basement
Washrooms
Drywall/Framing
Painting & Flooring
Custom Kitchen Cabinets
ਵਾਜਬ ਕੀਮਤ ਅਤੇ ਸਮੇਂ ਸਿਰ ਕੰਮ
JASWANT SEHMBI
647-524-0885

www.maxxlifeimmigration.com
MAXX LIFE IMMIGRATION SERVICES INC.
• VISITOR VISA • SUPER VISA
• SPOUSAL SPONSORSHIP VISA
• RENEWAL OF PR CARD
• PNP CITIZENSHIP
• EXPRESS ENTRY
FREE INITIAL ASSESSMENT
BABBALDEEP KAUR SAGGU
Regulated Canadian Immigration Consultant
1-647-545-6362
Suit 238-7025 Tomken Rd., Mississauga, ON L5S 1R6

DEOL LAW OFFICE
BARRISTER, SOLICITOR & NOTARY PUBLIC
ਇਮੀਗ੍ਰੇਸ਼ਨ, ਰੀਅਲ ਅਸਟੇਟ, ਬਿਜ਼ਨੈਸ ਅਤੇ ਕ੍ਰਿਮੀਨਲ ਕੇਸਾਂ ਦੇ ਮਾਹਿਰ ਵਕੀਲ
ਕੁਲਵੰਤ ਸਿੰਘ ਦਿਓਲ
ਦੀਆਂ ਵਧੀਆਂ ਅਤੇ ਪ੍ਰੋਫੈਸ਼ਨਲ ਸੇਵਾਵਾਂ ਦਾ ਲਾਭ ਉਠਾਓ।
KULWANT SINGH DEOL
Open 7 days week, weekend with appointment
905-268-0094
2005-20, Kingsbridge Garden Circle, Mississauga, Ontario L5R 3K7 (North West Corner of Hwy 10 & 403)
905-268-0095 | deollaw@yahoo.com


Boora Law Office
ਬੂਰਾ ਲਾਅ ਆਫਿਸ
• ਸਪੌਂਸਰਸ਼ਿਪ • ਕਾਰਪੋਰੇਟ
• ਵਿਲਜ਼ ਅਤੇ ਅਸਟੇਟਸ
• ਨੋਟਰੀ ਅਤੇ ਐਫੀਡੇਵਿਟ
• ਰੀਅਲ ਅਸਟੇਟਸ
• ਬਿਜ਼ਨੈਸ • ਫੈਮਿਲੀ
• ਇੰਮੀਗਰੇਸ਼ਨ
Harpinder S. Boora
Barrister, Solicitor & Notary Public
905-497-3636
1098 PETER ROBERTSON BLVD., UNIT 3, BRAMPTON, ONT. L6R 3A5 FAX : 905 497 3637

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਕਰਜ਼ੇ ਦੀ ਸਿਰਦਰਦੀ ?
ਕੁਲੈਕਸ਼ਨ ਕਾਲਾਂ, ਬੈਂਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ਼ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫ਼ਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
Jasbir Singh Hundal
Registered Credit Counsellor
www.MakeMeDebtFree.ca
416-502-3100 | 1888-864-3131
7015 Tranmere Drive, Unit 20, Mississauga, ON L5S 1T7





# ਰੂਬੀ ਸਹੋਤਾ ਨੂੰ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕੈਬਨਿਟ ਵਿੱਚ ਸ਼ਾਮਲ



ਓਟਾਵਾ, ਓਨਟਾਰੀਓ – ਬਰੈਂਪਟਨ ਨੌਰਥ—ਕੈਲੇਡਨ ਵਿੱਚ ਉਨ੍ਹਾਂ ਦੀ ਸਫਲ ਮੁੜ ਚੋਣ ਤੋਂ ਬਾਅਦ, ਸੰਸਦ ਮੈਂਬਰ ਰੂਬੀ ਸਹੋਤਾ ਨੂੰ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕੈਬਨਿਟ ਵਿੱਚ ਸ਼ਾਮਲ ਕੀਤਾ ਹੈ। ਉਨ੍ਹਾਂ ਦਾ ਨਵਾਂ ਪੋਰਟਫੋਲੀਓ ਸੈਕਟਰੀ ਆਫ਼ ਸਟੇਟ ਹੈ ਅਤੇ ਸਹੋਤਾ ਨੂੰ ਅਪਰਾਧ ਨਾਲ ਲੜਨ ਲਈ ਜ਼ਿੰਮੇਵਾਰੀ ਤੋਂ ਇਲਾਵਾ, ਜ਼ਮਾਨਤ ਸੁਧਾਰ, ਅਪਰਾਧ ਨਾਲ ਲੜਨ ਅਤੇ ਭਾਈਚਾਰਿਆਂ ਨੂੰ ਸੁਰੱਖਿਅਤ ਬਣਾਉਣ ਨਾਲ ਸਬੰਧਤ ਮੁੱਦਿਆਂ 'ਤੇ ਕੇਂਦ੍ਰਿਤ ਜ਼ਿੰਮੇਵਾਰੀ ਸੌਂਪੀ ਗਈ ਹੈ।

ਚੋਣ ਤੋਂ ਬਾਅਦ ਆਪਣੀ ਪਹਿਲੀ ਪ੍ਰੈਸ ਕਾਨਫਰੰਸ ਵਿੱਚ, ਪ੍ਰਧਾਨ ਮੰਤਰੀ ਕਾਰਨੀ ਨੇ ਸਪੱਸ਼ਟ ਕੀਤਾ ਕਿ ਸਾਡੇ ਭਾਈਚਾਰਿਆਂ ਨੂੰ ਸੁਰੱਖਿਅਤ ਰੱਖਣਾ ਅਤੇ ਹਿੰਸਕ ਅਪਰਾਧੀਆਂ ਲਈ ਜ਼ਮਾਨਤ ਪ੍ਰਾਪਤ ਕਰਨਾ ਔਖਾ ਬਣਾਉਣਾ ਕੈਨੇਡਾ ਸਰਕਾਰ ਦੀ ਇੱਕ ਪ੍ਰਮੁੱਖ ਤਰਜੀਹ ਹੈ।

ਇਸ ਮੌਕੇ ਉੱਤੇ ਐੱਮ ਪੀ ਸਹੋਤਾ ਨੇ ਕਿਹਾ ਕਿ ਆਪਣੇ ਦੇਸ਼ ਲਈ ਇਸ ਮਹੱਤਵਪੂਰਨ ਸਮੇਂ 'ਤੇ ਪ੍ਰਧਾਨ ਮੰਤਰੀ ਕਾਰਨੀ ਦੀ ਕੈਬਨਿਟ ਵਿੱਚ ਸ਼ਾਮਲ ਹੋਣ 'ਤੇ ਬਹੁਤ ਮਾਣ ਮਹਿਸੂਸ ਕਰ ਜੀ ਹਾਂ।" ਉਨ੍ਹਾਂ ਅੱਗੇ ਕਿਹਾ, "ਕੈਨੇਡੀਅਨ ਜਨਤਕ ਸੁਰੱਖਿਆ 'ਤੇ ਕਾਰਵਾਈ ਦੀ ਮੰਗ ਕਰ ਰਹੇ ਹਨ ਅਤੇ ਮੈਂ ਤੇਜ਼ ਕਾਰਵਾਈ, ਦ੍ਰਿੜਤਾ ਅਤੇ ਸਬੂਤ-ਅਧਾਰਤ ਨੀਤੀ 'ਤੇ ਧਿਆਨ ਕੇਂਦਰਿਤ ਕਰਕੇ ਉਸ ਯਤਨ ਦੀ ਅਗਵਾਈ ਕਰਨ ਲਈ ਤਿਆਰ ਹਾਂ।"

ਐਮਪੀ ਸਹੋਤਾ ਦੀ ਨਿਯੁਕਤੀ ਨਿਆਂ ਸੁਧਾਰ ਅਤੇ ਸੁਰੱਖਿਅਤ ਭਾਈਚਾਰਿਆਂ ਦੀ ਉਸਾਰੀ ਲਈ ਉਨ੍ਹਾਂ ਦੇ ਸਾਲਾਂ ਦੇ ਤਜ਼ਰਬੇ ਨੂੰ ਦਰਸਾਉਂਦੀ ਹੈ। ਇੱਕ ਵਕੀਲ, ਵਿਧਾਇਕ ਅਤੇ ਬਰੈਂਪਟਨ ਨੌਰਥ ਦੀ ਲੰਬੇ ਸਮੇਂ ਤੋਂ ਪ੍ਰਤੀਨਿਧੀ ਹੋਣ ਦੇ ਨਾਤੇ, ਉਹ ਅਪਰਾਧ ਅਤੇ ਭਾਈਚਾਰਕ ਸੁਰੱਖਿਆ 'ਤੇ ਸੰਘੀ ਲੀਡਰਸ਼ਿਪ ਲਈ ਇੱਕ ਵਿਲੱਖਣ ਦ੍ਰਿਸ਼ਟੀਕੋਣ ਲਿਆਉਂਦੀ ਹੈ।

ਆਪਣੀ ਨਵੀਂ ਭੂਮਿਕਾ ਵਿੱਚ, ਐਮਪੀ ਸਹੋਤਾ ਕੈਨੇਡਾ ਦੀ ਜ਼ਮਾਨਤ ਪ੍ਰਣਾਲੀ ਵਿੱਚ ਅਰਥਪੂਰਨ ਸੁਧਾਰਾਂ ਨੂੰ ਲਾਗੂ ਕਰਨ ਅਤੇ ਸਾਰੇ ਕੈਨੇਡੀਅਨਾਂ ਲਈ ਸੁਰੱਖਿਅਤ ਗਲੀਆਂ ਨੂੰ ਯਕੀਨੀ ਬਣਾਉਣ ਲਈ ਪੁਲਿਸ ਸੇਵਾਵਾਂ, ਸੂਬਿਆਂ, ਪ੍ਰਦੇਸ਼ਾਂ ਅਤੇ ਜ਼ਮੀਨੀ ਪੱਧਰ ਦੇ ਸੰਗਠਨਾਂ ਨਾਲ ਮਿਲ ਕੇ ਕੰਮ ਕਰੇਗੀ।ਸਾਡੇ ਭਾਈਚਾਰਿਆਂ ਦੀ ਸੁਰੱਖਿਆ ਇੱਕ ਬਾਅਦ ਵਿੱਚ ਸੋਚੀ ਨਹੀਂ ਜਾ ਸਕਦੀ, ਸਹੋਤਾ ਨੇ ਅੱਗੇ ਕਿਹਾ। "ਸਾਨੂੰ ਸੰਤੁਲਿਤ, ਨਿਰਪੱਖ ਅਤੇ ਪ੍ਰਭਾਵਸ਼ਾਲੀ ਨੀਤੀਆਂ ਦੀ ਲੋੜ ਹੈ ਜੋ ਪੀੜਤਾਂ ਦੀ ਰੱਖਿਆ ਕਰਨ, ਅਧਿਕਾਰਾਂ ਦਾ ਸਤਿਕਾਰ ਕਰਨ ਅਤੇ ਸਾਡੀ ਨਿਆਂ ਪ੍ਰਣਾਲੀ ਵਿੱਚ ਵਿਸ਼ਵਾਸ ਬਹਾਲ ਕਰਨ। ਇਸ ਲਈ ਮੇਰਾ ਪਹਿਲਾ ਕੰਮ ਦਾ ਆਦੇਸ਼ ਖਤਰਨਾਕ ਅਪਰਾਧੀਆਂ ਨੂੰ ਸਲਾਖਾਂ ਪਿੱਛੇ ਰੱਖਣ ਲਈ ਸਖ਼ਤ ਜ਼ਮਾਨਤ ਸੁਧਾਰ ਕਾਨੂੰਨ ਪਾਸ ਕਰਨਾ ਹੋਵੇਗਾ।"





































# ਅਮਰੀਕਾ ਅਤੇ ਚੀਨ ਦਰਮਿਆਨ ਵੱਡਾ ਕਾਰੋਬਾਰੀ ਸਮਝੌਤਾ

**ਦੋਹਾਂ ਮੁਲਕਾਂ ਵੱਲੋਂ ਟੈਰਿਫ਼ਸ ਵਿਚ 115 ਫੀ ਸਦੀ ਕਟੌਤੀ, ਅਮਰੀਕਾ 30 ਫੀ ਸਦੀ ਅਤੇ ਚੀਨ 10 ਫੀ ਸਦੀ ਟੈਰਿਫ਼ਸ ਵਸੂਲ ਕਰੇਗਾ**

ਜਿਨੇਵਾ, 12 ਮਈ (ਵਿਸ਼ੇਸ਼ ਪ੍ਰਤੀਨਿਧ) : ਅਮਰੀਕਾ ਅਤੇ ਚੀਨ ਦਰਮਿਆਨ ਕਾਰੋਬਾਰੀ ਸਮਝੌਤਾ ਸਿਰੇ ਚੜ੍ਹ ਗਿਆ ਹੈ ਅਤੇ ਟਰੰਪ ਸਰਕਾਰ ਨੇ ਆਪਣੀ ਹਿੰਡ ਛਡਦਿਆਂ ਚੀਨੀ ਵਸਤਾਂ ਉਤੇ ਟੈਰਿਫਸ ਵਿਚ 115 ਫੀ ਸਦੀ ਕਟੌਤੀ ਕਰ ਦਿਤੀ। ਹੁਣ ਚੀਨ ਤੋਂ ਅਮਰੀਕਾ ਪੁੱਜਣ ਵਾਲੇ ਸਮਾਨ 'ਤੇ 30 ਫੀ ਸਦੀ ਟੈਰਿਫ਼ਸ ਲੱਗਣਗੀਆਂ ਜਦਕਿ ਅਮਰੀਕਾ ਵਿਚ ਬਣੀਆਂ ਚੀਜ਼ਾਂ 'ਤੇ ਚੀਨ 10 ਫੀ ਸਦੀ ਟੈਰਿਫ਼ਸ ਵਸੂਲ ਕਰੇਗਾ। ਤਾਜ਼ਾ ਦਰਾਂ 90 ਦਿਨ ਵਾਸਤੇ ਲਾਗੂ ਕੀਤੀਆਂ ਜਾਣਗੀਆਂ ਅਤੇ ਉਸ ਤੋਂ ਬਾਅਦ ਕੋਈ ਨਵਾਂ ਪੈਂਤੜਾ ਸਾਹਮਣੇ ਆ ਸਕਦਾ ਹੈ। ਵਾਈਟ ਹਾਊਸ ਨੇ ਐਤਵਾਰ ਨੂੰ ਕਾਰੋਬਾਰੀ ਸੌਦਾ ਹੋਣ ਦੀ ਤਸਦੀਕ ਤਾਂ ਕੀਤੀ ਪਰ ਵਿਸਤਾਰਤ ਵੇਰਵੇ ਮੁਹੱਈਆ ਨਹੀਂ ਕਰਵਾਏ। ਇਸੇ ਦੌਰਾਨ ਸੋਮਵਾਰ ਨੂੰ ਦੋਹਾਂ ਮੁਲਕਾਂ ਇਕ ਸਾਂਝਾ ਬਿਆਨ ਜਾਰੀ ਕਰਦਿਆਂ ਡੂੰਘਾਈ ਨਾਲ ਜਾਣਕਾਰੀ ਦਿਤੀ ਗਈ। ਅਮਰੀਕਾ ਵਾਲਿਆਂ ਦਾ ਦਾਅਵਾ ਹੈ ਕਿ ਇਸ ਸੌਦੇ ਰਾਹੀਂ ਕਾਰੋਬਾਰੀ ਘਾਟਾ ਖਤਮ ਕਰਨ ਵਿਚ ਮਦਦ ਮਿਲੇਗੀ ਜਦਕਿ ਚੀਨ ਵਾਲਿਆਂ ਦਾ ਕਹਿਣਾ ਹੈ ਕਿ ਦੋਹਾਂ ਧਿਰਾਂ ਦਰਮਿਆਨ ਇਕ ਵੱਡਾ ਸਮਝੌਤਾ ਹੋਇਆ ਹੈ ਜਿਸ ਰਾਹੀਂ ਆਰਥਿਕ ਮੁੱਦਿਆਂ 'ਤੇ ਗੱਲਬਾਤ ਨੂੰ ਅੱਗੇ ਲਿਜਾਇਆ ਜਾਵੇਗਾ। ਟਰੰਪ ਦੇ ਖ਼ਜ਼ਾਨਾ ਮੰਤਰੀ ਸਕੌਟ ਬੇਸੈਂਟ ਨੇ ਜਿਨੇਵਾ ਵਿਖੇ ਮੀਡੀਆ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਅਮਰੀਕਾ ਅਤੇ ਚੀਨ ਵਿਚਾਲੇ ਕਾਰੋਬਾਰੀ ਸਮਝੌਤੇ ਦੀ ਜਾਣਕਾਰੀ ਦਿੰਦਿਆਂ ਖੁਸ਼ੀ ਮਹਿਸੂਸ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਟਰੰਪ ਨੂੰ ਸਮਝੌਤੇ ਬਾਰੇ ਜਾਣੂ ਕਰਵਾ ਦਿਤਾ ਗਿਆ ਹੈ ਅਤੇ ਵਾਈਟ ਹਾਊਸ ਤੋਂ ਸੋਮਵਾਰ ਨੂੰ ਹੋਰ ਵੇਰਵੇ ਸਾਹਮਣੇ ਆ ਸਕਦੇ ਹਨ।



ਇਸੇ ਦੌਰਾਨ ਅਮਰੀਕਾ ਦੇ ਕਾਰੋਬਾਰੀ ਨੁਮਾਇੰਦੇ ਜੈਮੀਸਨ ਗ੍ਰੀਰ ਨ ਕਿਹਾ ਕਿ ਦੋਵੇਂ ਧਿਰਾਂ ਜਲਦ ਇਕ ਸਮਝੌਤੇ 'ਤੇ ਪੁੱਜ ਗਈਆਂ ਜਿਸ ਤੋਂ ਪਤਾ ਲਗਦਾ ਹੈ ਕਿ ਮਤਭੇਦ ਐਨੇ ਵੱਡੇ ਨਹੀਂ ਸਨ ਜਿੰਨੇ ਇਨ੍ਹਾਂ ਨੂੰ ਮੰਨਿਆ ਜਾ ਰਿਹਾ ਸੀ। ਚੇਤੇ ਰਹੇ ਕਿ ਇਕ ਹਫ਼ਤਾ ਪਹਿਲਾਂ ਡੌਨਲਡ ਟਰੰਪ ਨੇ ਇਸ਼ਾਰਾ ਕਰ ਦਿਤਾ ਸੀ ਕਿ ਉਹ ਚੀਨ ਉਤੇ ਲਾਗੂ ਟੈਰਿਫਸ ਵਿਚ ਕਟੌਤੀ ਕਰ ਸਕਦੇ ਹਨ। ਉਧਰ ਆਰਥਿਕ ਮਾਹਰਾਂ ਦਾ ਕਹਿਣਾ ਹੈ ਕਿ ਟੈਰਿਫ਼ਸ ਵਿਚ ਕਟੌਤੀ ਟਰੰਪ ਸਰਕਾਰ ਦੀ ਮਜਬੂਰੀ ਬਣ ਚੁੱਕੀ ਸੀ ਕਿਉਂਕਿ ਇਨ੍ਹਾਂ ਕਰ ਕੇ 600 ਅਰਬ ਡਾਲਰ ਦਾ ਕਾਰੋਬਾਰ ਠੱਪ ਹੋ ਕੇ ਰਹਿ ਗਿਆ। ਟੈਰਿਫਸ ਨਾਲ ਸਿਰਫ ਚੀਨੀ ਕੰਪਨੀਆਂ ਪ੍ਰਭਾਵਤ ਨਹੀਂ ਹੋਈਆਂ ਸਗੋਂ ਅਮਰੀਕਾ ਦੇ ਕਾਰੋਬਾਰੀਆਂ ਅਤੇ ਆਮ ਲੋਕਾਂ ਨੂੰ ਵੀ ਸਿੱਟੇ ਭੁਗਤਣੇ ਪਏ।

# ਪਾਣੀ ਵਿਵਾਦ: ਪੰਜਾਬ ਸਰਕਾਰ ਵੱਲੋਂ ਨਜ਼ਰਸਾਨੀ ਪਟੀਸ਼ਨ ਦਾਇਰ

ਚੰਡੀਗੜ੍ਹ-ਪੰਜਾਬ ਸਰਕਾਰ ਨੇ ਅੱਜ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਪਟੀਸ਼ਨ ਦਾਇਰ ਕਰਕੇ 6 ਮਈ ਦੇ ਫ਼ੈਸਲੇ ਦੀ ਨਜ਼ਰਸਾਨੀ ਕਰਨ ਦੀ ਅਪੀਲ ਕੀਤੀ ਹੈ। ਪੰਜਾਬ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਕੇਂਦਰੀ ਗ੍ਰਹਿ ਸਕੱਤਰ ਪਾਣੀਆਂ ਬਾਬਤ ਬੀਬੀਐੱਮਬੀ ਰੂਲ1ਜ਼ ਦੀ ਧਾਰਾ 7 ਤਹਿਤ ਕੋਈ ਫ਼ੈਸਲਾ ਲੈਣ ਲਈ ਸਮਰੱਥ ਅਥਾਰਿਟੀ ਨਹੀਂ ਹੈ ਜਦਕਿ ਇਹ ਮਾਮਲਾ ਕੇਂਦਰੀ ਬਿਜਲੀ ਮੰਤਰਾਲੇ ਦੇ ਅਧਿਕਾਰ ਖੇਤਰ 'ਚ ਆਉਂਦਾ ਹੈ। ਚੇਤੇ ਰਹੇ ਕਿ ਕੇਂਦਰੀ ਗ੍ਰਹਿ ਸਕੱਤਰ ਨੇ 2 ਮਈ ਨੂੰ ਮੀਟਿੰਗ ਕਰਕੇ ਹਰਿਆਣਾ ਨੂੰ 4500 ਕਿਊਸਿਕ ਵਾਧੂ ਪਾਣੀ ਦੇਣ ਲਈ ਕਿਹਾ ਸੀ।



ਪੰਜਾਬ ਸਰਕਾਰ ਨੇ ਨਜ਼ਰਸਾਨੀ ਪਟੀਸ਼ਨ 'ਚ ਇਹ ਵੀ ਦਲੀਲ ਦਿੱਤੀ ਹੈ ਕਿ ਕੇਂਦਰੀ ਗ੍ਰਹਿ ਸਕੱਤਰ ਨੇ ਆਪਣੇ ਫ਼ੈਸਲੇ ਵਿੱਚ ਹਰਿਆਣਾ ਨੂੰ ਅੱਠ ਦਿਨਾਂ ਲਈ ਵਾਧੂ ਪਾਣੀ ਦੇਣ ਦੀ ਹਦਾਇਤ ਕੀਤੀ ਸੀ ਪਰ ਇਹ ਅੱਠ ਦਿਨ 10 ਮਈ ਤੱਕ ਸਮਾਪਤ ਹੋ ਚੁੱਕੇ ਹਨ। ਸਭ ਤੋਂ ਵੱਡਾ ਨੁਕਤਾ ਉਠਾਇਆ ਗਿਆ ਹੈ ਕਿ ਹਰਿਆਣਾ ਨੇ ਪੱਛਮੀ ਯਮੁਨਾ ਕੈਨਾਲ ਦੀ ਮੁਰੰਮਤ ਦਾ ਹਵਾਲਾ ਦੇ ਕੇ ਪੰਜਾਬ ਤੋਂ ਵਾਧੂ ਪਾਣੀ ਦੀ ਮੰਗ ਕੀਤੀ ਸੀ ਅਤੇ ਹੁਣ ਯਮੁਨਾ ਕੈਨਾਲ ਦੀ ਮੁਰੰਮਤ ਹੋਣ ਮਗਰੋਂ ਪਾਣੀ 5 ਮਈ ਨੂੰ ਚੱਲ ਪਿਆ ਹੈ। ਸੂਬਾ ਸਰਕਾਰ 2 ਮਈ ਦੇ ਫ਼ੈਸਲੇ ਨੂੰ ਅਣਅਧਿਕਾਰਤ ਦੱਸ ਰਹੀ ਹੈ ਅਤੇ ਬੀਬੀਐੱਮਬੀ ਵੱਲੋਂ ਚੁੱਕੇ ਕਦਮਾਂ 'ਤੇ ਵੀ ਸੁਆਲ ਉਠਾਏ ਗਏ ਹਨ। ਨਜ਼ਰਸਾਨੀ ਪਟੀਸ਼ਨ 'ਚ ਕਿਹਾ ਗਿਆ ਹੈ ਕਿ ਹਰਿਆਣਾ ਨੂੰ ਵਾਧੂ ਪਾਣੀ ਦੇਣ ਦਾ ਮਾਮਲਾ ਜਦੋਂ ਕੇਂਦਰ ਸਰਕਾਰ ਕੋਲ ਜਾ ਚੁੱਕਾ ਸੀ ਤਾਂ ਉਸ ਮਗਰੋਂ ਬੀਬੀਐੱਮਬੀ ਖ਼ੁਦ ਵੀ ਧਾਰਾ 7 ਤਹਿਤ ਫ਼ੈਸਲਾ ਲੈਣ ਲਈ ਸਮਰੱਥ ਨਹੀਂ ਸੀ। ਇਹ ਵੀ ਕਿਹਾ ਗਿਆ ਹੈ ਕਿ ਪਾਣੀਆਂ ਦੇ ਵਿਵਾਦ ਦਾ ਨਿਬੇੜਾ ਬੀਬੀਐੱਮਬੀ ਜਾਂ ਕੇਂਦਰ ਸਰਕਾਰ ਦੇ ਨਹੀਂ ਬਲਕਿ ਵਾਟਰ ਟ੍ਰਿਬਿਊਨਲ ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਪਹਿਲਾਂ ਐਲਾਨ ਕੀਤਾ ਸੀ ਕਿ ਪੰਜਾਬ ਸਰਕਾਰ ਸੁਪਰੀਮ ਕੋਰਟ ਦਾ ਰੁਖ਼ ਕਰੇਗੀ ਪ੍ਰੰਤੂ ਬਾਅਦ ਵਿੱਚ ਐਡਵੋਕੇਟ ਜਨਰਲ ਦੀ ਸਲਾਹ 'ਤੇ ਨਜ਼ਰਸਾਨੀ ਪਟੀਸ਼ਨ ਦਾਇਰ ਕਰਨ ਦਾ ਫ਼ੈਸਲਾ ਹੋਇਆ। ਭਾਖੜਾ ਨਹਿਰ ਦੇ ਨਿਗਰਾਨ ਇੰਜਨੀਅਰ ਵੱਲੋਂ ਬੀਬੀਐੱਮਬੀ ਨੂੰ ਭੇਜੇ ਪੱਤਰ ਅਨੁਸਾਰ ਨਹਿਰ 'ਚ ਹਰਿਆਣਾ ਲਈ 4500 ਕਿਊਸਿਕ ਵਾਧੂ ਪਾਣੀ ਛੱਡਿਆ ਜਾਣਾ ਫ਼ਿਲਹਾਲ ਸੰਭਵ ਨਹੀਂ ਜਾਪਦਾ। ਨਿਗਰਾਨ ਇੰਜਨੀਅਰ ਦਾ ਤਰਕ ਹੈ ਕਿ ਭਾਖੜਾ ਨਹਿਰ ਦੇ ਕਿਨਾਰੇ ਕਈ ਥਾਵਾਂ ਤੋਂ ਕਮਜ਼ੋਰ ਪੈ ਚੁੱਕੇ ਹਨ ਅਤੇ ਵਾਧੂ ਪਾਣੀ ਛੱਡੇ ਜਾਣ ਦੀ ਸੂਰਤ ਵਿੱਚ ਨੁਕਸਾਨ ਹੋ ਸਕਦਾ ਹੈ। ਪੰਜਾਬ ਅਤੇ ਹਰਿਆਣਾ 'ਚ ਵਾਧੂ ਪਾਣੀ ਦੇਣ ਦੇ ਮਾਮਲੇ 'ਤੇ ਚੱਲ ਰਹੇ ਟਕਰਾਅ ਦੌਰਾਨ ਇਹ ਪੱਤਰ ਅੜਿੱਕਾ ਬਣ ਸਕਦਾ ਹੈ। ਨਿਗਰਾਨ ਇੰਜਨੀਅਰ ਨੇ ਬੀਬੀਐੱਮਬੀ ਨੂੰ ਕਿਹਾ ਹੈ ਕਿ ਪੰਜਾਬ ਨੂੰ ਪੁੱਛੇ ਬਿਨਾਂ ਭਾਖੜਾ ਨਹਿਰ ਵਿੱਚ ਵਾਧੂ ਪਾਣੀ ਨਾ ਛੱਡਿਆ ਜਾਵੇ ਕਿਉਂਕਿ ਨਹਿਰ ਦੀ ਮੁਰੰਮਤ ਦਾ ਕੰਮ ਚੱਲ ਰਿਹਾ ਹੈ। ਇਹ ਵੀ ਕਿਹਾ ਹੈ ਕਿ ਜੇ ਵਾਧੂ ਪਾਣੀ ਛੱਡੇ ਜਾਣ 'ਤੇ ਕੋਈ ਜਾਨੀ-ਮਾਲੀ ਨੁਕਸਾਨ ਹੁੰਦਾ ਹੈ ਤਾਂ ਉਸ ਲਈ ਬੀਬੀਐੱਮਬੀ ਜ਼ਿੰਮੇਵਾਰ ਹੋਵੇਗਾ। ਇਸ ਪੱਤਰ ਮਗਰੋਂ ਬੀਬੀਐੱਮਬੀ ਵੱਲੋਂ ਦੋ ਦਿਨ ਪਹਿਲਾਂ ਇੱਕ ਟੈਕਨੀਕਲ ਟੀਮ ਭੇਜ ਕੇ ਭਾਖੜਾ ਨਹਿਰ ਦੀ ਸਮੀਖਿਆ ਕੀਤੀ ਗਈ ਹੈ। ਟੀਮ ਨੂੰ ਭਾਖੜਾ ਨਹਿਰ 'ਤੇ ਚੱਲ ਰਿਹਾ ਕੰਮ ਦਿਖਾ ਦਿੱਤਾ ਗਿਆ ਹੈ। ਇਸ ਬਾਰੇ ਬੀਬੀਐੱਮਬੀ ਵੱਲੋਂ ਹਾਲੇ ਕੋਈ ਜੁਆਬੀ ਪੱਤਰ ਨਹੀਂ ਆਇਆ ਹੈ।

ਅਹਿਮ ਜਾਣਕਾਰੀ ਅਨੁਸਾਰ ਬੀਬੀਐੱਮਬੀ ਵੱਲੋਂ ਹਰਿਆਣਾ ਨੂੰ ਵਾਧੂ ਪਾਣੀ ਦੇਣ ਨਾਲ ਸਬੰਧਤ ਫ਼ੈਸਲਿਆਂ ਤੇ ਕੰਮ ਕਾਰ ਦਾ ਹੁਣ ਪੰਜਾਬ ਤੋਂ ਓਹਲਾ ਰੱਖਿਆ ਜਾਣ ਲੱਗਾ ਹੈ। ਇੱਧਰ ਪੰਜਾਬ 'ਚ ਹੁਣ ਨਹਿਰੀ ਪਾਣੀ ਦੀ ਮੰਗ ਵਧਣ ਲੱਗੀ ਹੈ। ਪੰਜਾਬ ਵਿੱਚ ਇਸ ਵੇਲੇ ਪਾਣੀ ਦੀ ਮੰਗ 18 ਹਜ਼ਾਰ ਕਿਊਸਕ ਤੱਕ ਪਹੁੰਚ ਗਈ ਹੈ ਅਤੇ ਝੋਨੇ ਦਾ ਸੀਜ਼ਨ ਦੌਰਾਨ ਇਹ ਮੰਗ ਦੁੱਗਣੀ ਹੋਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ ਡੈਮਾਂ ਵਿੱਚ ਪਾਣੀ ਦੀ ਭਰਾਈ ਦਾ ਸਮਾਂ ਵੀ 21 ਮਈ ਤੋਂ ਸ਼ੁਰੂ ਹੋ ਰਿਹਾ ਹੈ ਜੋ ਕਿ 20 ਸਤੰਬਰ ਤੱਕ ਚੱਲੇਗਾ ਅਤੇ ਇਸ ਸਮੇਂ ਦੌਰਾਨ ਆਮ ਤੌਰ 'ਤੇ ਸੂਬਿਆਂ ਨੂੰ ਮੰਗ ਦੇ ਲਿਹਾਜ ਨਾਲ ਪਾਣੀ ਦੇ ਦਿੱਤਾ ਜਾਂਦਾ ਹੈ।

ਚੰਡੀਗੜ੍ਹ : ਲੋਕ ਭਲਾਈ ਪਾਰਟੀ ਦੇ ਪ੍ਰਧਾਨ ਤੇ ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਨੇ ਹਰਿਆਣਾ ਨੂੰ ਵਾਧੂ ਪਾਣੀ ਛੱਡੇ ਜਾਣ ਖ਼ਿਲਾਫ਼ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਲਏ ਸਟੈਂਡ ਦੀ ਹਮਾਇਤ ਕੀਤੀ ਹੈ। ਉਨ੍ਹਾਂ ਕਿਹਾ ਕਿ ਲੋਕ ਭਲਾਈ ਪਾਰਟੀ ਆਉਂਦੇ ਦਿਨਾਂ ਵਿੱਚ ਮੀਟਿੰਗ ਕਰਕੇ ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਮੈਦਾਨ ਵਿੱਚ ਕੁੱਦੇਗੀ। ਉਨ੍ਹਾਂ ਕਿਹਾ ਕਿ ਇਸ ਅਹਿਮ ਮੌਕੇ 'ਤੇ ਸਾਰਿਆਂ ਨੂੰ ਪੰਜਾਬ ਦੇ ਪਾਣੀ ਬਚਾਉਣ ਲਈ ਅੱਗੇ ਆਉਣਾ ਚਾਹੀਦਾ ਹੈ।

# ਕੈਨੇਡਾ 'ਚ ਲਿਬਰਲ ਪਾਰਟੀ ਦੀਆਂ ਸੀਟਾਂ ਵਧ ਕੇ 170 ਹੋਈਆਂ

## 3 ਹੋਰ ਪਾਰਲੀਮਾਨੀ ਸੀਟਾਂ 'ਤੇ ਹੋਣੀ ਹੈ ਮੁੜ ਗਿਣਤੀ, 171 ਤੱਕ ਜਾ ਸਕਦੈ ਸੀਟਾਂ ਦਾ ਅੰਕੜਾ

ਔਟਵਾ, 12 ਮਈ (ਵਿਸ਼ੇਸ਼ ਪ੍ਰਤੀਨਿਧ) : ਕੈਨੇਡਾ ਵਿਚ ਘੱਟ ਗਿਣਤੀ ਲਿਬਰਲ ਸਰਕਾਰ ਬਹੁਮਤ ਵੱਲ ਕਦਮ ਵਧਾਉਂਦੀ ਮਹਿਸੂਸ ਹੋ ਰਹੀ ਹੈ। ਕਿਊਬੈਕ ਦੀ ਟੈਰਾਬੌਨ ਪਾਰਲੀਮਾਨੀ ਸੀਟ ਮੁੜ ਗਿਣਤੀ ਮਗਰੋਂ ਲਿਬਰਲ ਪਾਰਟੀ ਦੀ ਝੋਲੀ ਵਿਚ ਆ ਗਈ ਅਤੇ ਹਾਊਸ ਆਫ਼ ਕਾਮਨਜ਼ ਵਿਚ ਹੁਣ ਲਿਬਰਲਾਂ ਦੀਆਂ 170 ਸੀਟਾਂ ਹੋ ਚੁੱਕੀਆਂ ਹਨ। ਚੋਣ ਨਤੀਜਿਆਂ ਮਗਰੋਂ ਟੈਰਾਬੌਨ ਸੀਟ 'ਤੇ ਲਿਬਰਲ ਪਾਰਟੀ ਦੀ ਜਿੱਤ ਐਲਾਨੀ ਗਈ ਪਰ ਵੈਲੀਡੇਸ਼ਨ ਪ੍ਰਕਿਰਿਆ ਮਗਰੋਂ ਕੈਨੇਡਾ ਦੇ ਮੁੱਖ ਚੋਣ ਅਫ਼ਸਰ ਸਟੀਫ਼ਨ ਪੈਰੋ ਵੱਲੋਂ ਬਲੌਕ ਕਿਊਬਕਵਾ ਦੀ ਉਮੀਦਵਾਰ ਨੈਟਲੀ ਸਿੰਕਲੇਅਰ ਨੂੰ 44 ਵੋਟਾਂ ਨਾਲ ਜੇਤੂ ਕਰਾਰ ਦਿਤਾ ਗਿਆ। ਹੁਣ ਵੋਟਾਂ ਦੀ ਮੁੜ ਗਿਣਤੀ ਮਗਰੋਂ ਲਿਬਰਲ ਉਮੀਦਵਾਰ ਤਾਤੀਆਨਾ ਔਗਸਟ ਨੂੰ ਇਕ ਵੋਟ ਨਾਲ ਜੇਤੂ ਕਰਾਰ ਦਿਤਾ ਗਿਆ ਹੈ। ਇਲੈਕਸ਼ਨਜ਼ ਕੈਨੇਡਾ ਦੀ ਵੈਬਸਾਈਟ ਮੁਤਾਬਕ ਤਾਤੀਆਨਾ ਨੂੰ 23,352 ਵੋਟਾਂ ਮਿਲੀਆਂ ਅਤੇ ਨੈਟਲੀ ਸਿੰਕਲੇਅਰ 23,551 ਵੋਟਾਂ ਹਾਸਲ ਕਰਨ ਵਿਚ ਸਫ਼ਲ ਰਹੀ। ਵੋਟਾਂ ਦੀ ਮੁੜ ਗਿਣਤੀ ਕਿਊਬੈਕ ਦੀ ਸੁਪੀਰੀਅਰ ਦੇ ਜਸਟਿਸ ਡੈਨੀਅਲ ਟਰਕੌਟ ਦੀ ਨਿਗਰਾਨੀ ਹੇਠ ਕੀਤੀ ਗਈ। ਕੈਨੇਡਾ ਦੇ ਚੋਣ ਕਾਨੂੰਨ ਮੁਤਾਬਕ ਜਦੋਂ ਇਕ ਰਾਈਡਿੰਗ ਵਿਚ ਜਿੱਤ ਹਾਰ ਦਾ ਫਰਕ 0.1 ਫ਼ੀ ਸਦੀ ਤੋਂ ਘੱਟ ਹੋਵੇ ਤਾਂ ਮੁੜ ਗਿਣਤੀ ਲਾਜ਼ਮੀ ਹੋ ਜਾਂਦੀ ਹੈ। ਕੁਝ ਖਾਸ ਹਾਲਾਤ ਵਿਚ ਰਾਈਡਿੰਗ ਨਾਲ ਸਬੰਧਤ ਉਮੀਦਵਾਰ ਵੀ ਵੋਟਾਂ ਦੀ ਮੁੜ ਗਿਣਤੀ ਕਰਨ ਬਾਰੇ ਗੁਜ਼ਾਰਿਸ਼ ਕਰ ਸਕਦੇ ਹਨ। ਦੱਸ ਦੇਈਏ ਕਿ ਤਿੰਨ ਪਾਰਲੀਮਾਨੀ ਸੀਟਾਂ 'ਤੇ ਵੋਟਾਂ ਦੀ ਮੁੜ ਗਿਣਤੀ ਕੀਤੀ ਜਾ ਰਹੀ ਹੈ। ਇਲੈਕਸ਼ਨਜ਼ ਕੈਨੇਡਾ ਮੁਤਾਬਕ ਮਿਲਟਨ ਈਸਟ-ਹਾਲਟਨ ਹਿਲਜ਼ ਸਾਊਥ ਪਾਰਲੀਮਾਨੀ ਸੀਟ 'ਤੇ 13 ਮਈ ਨੂੰ ਮੁੜ ਗਿਣਤੀ ਹੋਵੇਗੀ ਜਿਥੇ ਮੁਢਲੇ ਤੌਰ 'ਤੇ ਕੰਜ਼ਰਵੇਟਿਵ ਪਾਰਟੀ ਦੇ ਪਰਮ ਗਿੱਲ ਨੂੰ ਜੇਤੂ ਕਰਾਰ ਦਿਤਾ ਗਿਆ ਪਰ ਵੈਲੀਡੇਸ਼ਨ ਪ੍ਰਕਿਰਿਆ ਮਗਰੋਂ ਲਿਬਰਲ ਉਮੀਦਵਾਰ 29 ਵੋਟਾਂ ਨਾਲ ਸੀਟ ਜਿੱਤ ਗਈ। ਮੁੜ ਗਿਣਤੀ ਮਗਰੋਂ ਆਉਣ ਵਾਲਾ ਫੈਸਲਾ ਅਟੱਲ ਹੋਵੇਗਾ। ਦੂਜੇ ਪਾਸੇ ਨਿਊਫ਼ਾਊਂਡਲੈਂਡ ਐਂਡ ਲੈਬਰਾਡੌਰ ਦੀ ਟੈਰਾ ਨੋਵਾ-ਦਾ ਪੈਨਿਨਸੁਲਾਜ਼ ਸੀਟ 'ਤੇ ਵੀ ਵੋਟਾਂ ਦੀ ਮੁੜ ਗਿਣਤੀ ਹੋਣੀ ਹੈ ਜਿਥੇ ਮੁਢਲੇ ਤੌਰ 'ਤੇ ਲਿਬਰਲ ਉਮੀਦਵਾਰ ਨੂੰ 12 ਵੋਟਾਂ ਨਾਲ ਜੇਤੂ ਕਰਾਰ ਦਿਤਾ ਗਿਆ। ਇਸ ਤੋਂ ਇਲਾਵਾ ਉਨਟਾਰੀਓ ਦੀ ਵਿੰਡਸਰ-ਲੇਕਸ਼ੋਰ ਸੀਟ 'ਤੇ ਵੀ 20 ਮਈ ਨੂੰ ਮੁੜ ਗਿਣਤੀ ਹੋਣੀ ਹੈ ਜਿਥੇ ਮੁਢਲੇ ਤੌਰ 'ਤੇ ਕੰਜ਼ਰਵੇਟਿਵ ਉਮੀਦਵਾਰ ਨੂੰ 77 ਵੋਟਾਂ ਨਾਲ ਜੇਤੂ ਕਰਾਰ ਦਿਤਾ ਗਿਆ ਪਰ ਲਿਬਰਲ ਉਮੀਦਵਾਰ ਨੇ ਦਾਅਵਾ ਕੀਤਾ ਹੈ ਕਿ ਕੁਝ ਜਾਇਜ਼ ਵੋਟਾਂ ਨੂੰ ਰੱਦ ਮੰਨਦਿਆਂ ਗਿਣਿਆ ਹੀ ਨਹੀਂ ਗਿਆ। ਦੱਸ ਦੇਈਏ ਕਿ ਤਿੰਨੇ ਸੀਟਾਂ ਦੇ ਨਤੀਜੇ ਲਿਬਰਲ ਪਾਰਟੀ ਦੇ ਹੱਕ ਵਿਚ ਆਉਣ 'ਤੇ ਵੀ ਸੱਤਾਧਾਰੀ ਧਿਰ ਬਹੁਮਤ ਤੋਂ ਇਕ ਸੀਟ ਦੂਰ ਰਹਿ ਜਾਵੇਗੀ।

# ਐਜੂਕੇਸ਼ਨ ਪਲਾਨ - ਕੁੱਝ ਸੱਚੇ ਤੱਥ

ਜਗਜੀਤ ਗਰੇਵਾਲ ਇੰਸ਼ੋਰੈਂਸ, ਟੈਕਸ, ਪੈਨਸ਼ਨ ਅਤੇ ਹੋਰ ਫਾਈਨੈਂਸ਼ੀਅਲ ਮੁੱਦਿਆਂ ਬਾਰੇ ਭਰਪੂਰ ਜਾਣਕਾਰੀ ਰਖਦੇ ਹਨ। ਇੰਨ੍ਹਾਂ ਮਸਲਿਆਂ ਬਾਰੇ ਵਿਚਾਰ ਵਟਾਂਦਰਾ ਅਤੇ ਪਾਠਕਾਂ ਨਾਲ ਗਿਆਨ ਸਾਂਝਾ ਕਰਨ ਲਈਉਨ੍ਹਾਂ ਦੇ ਲੇਖ ਹਰ ਹਫਤੇ ਇਸ ਅਖ਼ਬਾਰ ਵਿੱਚ ਛਪਦੇ ਹਨ। ਹੋਰ ਕੋਈ ਜਾਣਕਾਰੀ ਲੈਣ ਵਾਸਤੇ ਜਗਜੀਤ ਗਰੇਵਾਲ ਨਾਲ (416) 456 7467 'ਤੇ ਸੰਪਰਕ ਕੀਤਾ ਹਾ ਸਕਦਾ ਹੈ।



ਜਗਜੀਤ ਗਰੇਵਾਲ

### ਇੱਕ ਵਧੀਆ ਪਲਾਨ ਵਿੱਚ ਕੀ ਕੁੱਝ ਹੋਣਾ ਚਾਹੀਦਾ ਹੈ?

*ਆਪਣਾ ਪਾਇਆ ਸਾਰਾ ਪੈਸਾ ਸੇਫ ਰਹੇ।
*ਪੂਰੀ ਸਰਕਾਰੀ ਗਰਾਂਟ ਮਿਲਦੀ ਹੋਵੇ।
*ਪਲਾੱਨ ਵਿੱਚ ਗਰੋਥ ਜ਼ਰੂਰ ਹੁੰਦੀ ਹੋਵੇ।
*ਮੂਲ, ਗਰਾਂਟ ਅਤੇ ਗਰੋਥ ਦੇ ਡੁੱਬ ਜਾਣ ਦੀ ਫਿਕਰ ਨਾ ਹੋਵੇ।
*ਫੀਸ ਘੱਟ ਤੋਂ ਘੱਟ ਹੋਵੇ। ਫੀਸ ਦੇ ਕਈ ਨਾਮ ਹਨ।
*ਕੋਈ ਵੀ ਚਾਰਜ ਬੰਨੇ ਹੋਏ ਅਮਾਂਊਂਟ ਦਾ ਹੋਵੇ।
*ਪਲਾੱਨ ਪੂਰਾ ਹੋਣ ਤੇ ਕੁੱਝ ਨਾ ਕੁੱਝ ਚਾਰਜ ਰੀਫੰਡ ਹੁੰਦਾ ਹੋਵੇ।
*ਪਲਾੱਨ ਕੰਪਨੀ ਸ਼ੇਅਰ ਹੋਲਡਰਾਂ ਨੂੰ ਮੁਨਾਫਾ ਦੇਣ ਦੀ ਬਜਾਏ ਬੱਚਿਆਂ ਨੂੰ ਜ਼ਿਆਦਾ ਪੈਸੇ ਵੰਡੇ।
*ਹਰ ਸਾਲ ਤੁਹਾਨੂੰ ਪਲਾੱਨ ਦੀ ਸਟੇਟਮੈਂਟ ਮਿਲੇ ਤਾਂ ਜੋ ਤੁਸੀਂ ਇਹ ਯਕੀਨ ਕਰ ਸਕੋ ਕਿ ਕੀ ਪੜ੍ਹਾਈ ਵਾਸਤੇ ਬਥੇਰੇ ਪੈਸੇ ਹੋ ਜਾਣਗੇ ਕਿ ਨਹੀਂ। ਐਡਵਾਈਜ਼ਰ ਵੇਲੇ ਸਿਰ ਇਸ ਗੱਲ ਦੀ ਸਲਾਹ ਦੇਵੇ।
*ਤੁਹਾਡੇ ਕੋਲ ਇੰਟਰਨੈੱਟ ਤੇ ਆਪਦੇ ਬੱਚੇ ਦੇ ਪਲਾਨ ਨੂੰ ਪਰਖਣ ਦੀ ਸੁਵਿਧਾ ਹੋਵੇ।

(ਡਿਸਕਲੋਜ਼ਰ - ਲੇਖਕ ਕਈ ਸਾਲਾਂ ਤੋਂ ਗਰੁੱਪ ਐਜੂਕੇਸ਼ਨ ਪਲਾਨਾਂ ਨਾਲ ਕੰਮ ਕਰਦੇ ਆ ਰਹੇ ਹਨ। ਇਸ ਲੇਖ ਦਾ ਮਕਸਦ ਕਿਸੇ ਹੋਰ ਇਦਾਰੇ ਜਾਂ ਪਲਾੱਨ ਬਾਰੇ ਟਿੱਪਣੀ ਕਰਨਾ ਨਹੀਂ ਹੈ। ਕਿਸੇ ਵੀ ਲੰਬੇ ਸਮੇਂ ਦੀ ਇਨਵੈਸਟਮੈਂਟ ਵਾਸਤੇ ਪੂਰੀ ਜਾਣਕਾਰੀ ਲੈ ਕੇ ਹੀ ਬੱਚਤ ਸ਼ੁਰੂ ਕਰਨੀ ਚਾਹੀਦੀ ਹੈ। ਤੁਹਾਡੀ ਕੀਤੀ ਹੋਈ ਬੱਚਤ ਵਿੱਚ ਨਫਾ ਨੁਕਸਾਨ ਹੋਣ 'ਤੇ ਇਹ ਅਖਬਾਰ ਜਾਂ ਲੇਖਕ ਜ਼ਿੰਮੇਦਾਰ ਨਹੀਂ ਹਨ।)

ਵੈਸੇ ਤਾਂ ਕਈ ਇਦਾਰੇ ਐਜੂਕੇਸ਼ਨ ਪਲਾੱਨ ਚਲਾਉਂਦੇ ਹਨ, ਪਰ ਗਰੁੱਪ ਪਲਾੱਨ ਹੀ ਲੰਬੇ ਸਮੇਂ ਤੋਂ ਇੰਨ੍ਹਾਂ ਪਲਾਨਾਂ ਦੀ ਮੁਹਾਰਤ ਰੱਖਦੇ ਹਨ ਅਤੇ ਜ਼ਿਆਦਾ ਬੈਨੀਫਿੱਟ ਦਵਾਉਣ ਵਿੱਚ ਮਦਦ ਕਰ ਸਕਦੇ ਹਨ। ਸਿਰਫ ਗਰੁੱਪ ਪਲਾੱਨ ਹੀ ਹਨ ਜੋ ਕਿ ਬੱਚੇ ਦੇ ਬਾਰਵੀਂ ਗਰੇਡ ਕਰਨ 'ਤੇ ਤੁਹਾਡੇ ਪਾਏ ਸਾਰੇ ਪੈਸੇ ਇਕੱਠੇ ਵਾਪਿਸ ਕਰਦੇ ਹਨ। ਇਸ ਦੇ ਇਲਾਵਾ ਬੱਚੇ ਦੀ ਪੜ੍ਹਾਈ ਦੀ ਵਿਉਂਤ ਅਨੁਸਾਰ (ਦੋ, ਤਿੰਨ ਜਾਂ ਚਾਰ ਸਾਲ ਦਾ ਕੋਰਸ) ਬਾਕੀ ਦੇ ਪੈਸੇ ਕਿਸ਼ਤਾਂ ਵਿੱਚ ਲਏ ਜਾ ਸਕਦੇ ਹਨ।

ਗਰੁੱਪ ਪਲਾੱਨ ਕਈ ਦਹਾਕਿਆਂ ਤੋਂ ਐਜੂਕੇਸ਼ਨ ਪਲਾੱਨ ਚਲਾਉਂਦੇ ਹੋਣ ਅਤੇ ਬੱਚਿਆਂ ਦੀ ਲੋੜ ਨੂੰ ਸਮਝਦੇ ਹੋਣ ਕਰਕੇ ਤੁਹਾਨੂੰ ਪੂਰਾ ਅਤੇ ਸਹੀ ਬੈਨੀਫਿੱਟ ਦਵਾ ਸਕਦੇ ਹਨ। ਇੰਨ੍ਹਾਂ ਦੇ ਕਾਰਕੁੰਨ ਵਧੀਆ ਤਜ਼ਰਬਾ ਰੱਖਦੇ ਹਨ ਅਤੇ ਸਹੀ ਪ੍ਰੋਫੈਸ਼ਨਲ ਸਲਾਹ ਦੇਣ ਦੀ ਮੁਹਾਰਤਾ ਰੱਖਦੇ ਹਨ। ਵਧੀਆ ਕਾਰਗੁਜ਼ਾਰੀ, ਪੂਰੀ ਸੇਫਟੀ, ਸਹੀ ਸਲਾਹ, ਭਰੋਸੇਮੰਦ ਸਲਾਹਕਾਰ ਅਤੇ ਸਮੇਂ ਅਨੁਸਾਰ ਇਸਤੇਮਾਲ - ਇਹੋ ਹੀ ਗਰੁੱਪ ਪਲਾੱਨ ਦੇ ਵਧੀਆ ਗੁਣ ਹਨ।

ਕਿਸੇ ਵੀ ਤਰ੍ਹਾਂ ਦੀ ਇਨਵੈਸਟਮੈਂਟ ਕਰਨ ਤੋਂ ਪਹਿਲਾਂ ਤਿੰਨ ਗੱਲਾਂ ਦੇ ਬਾਰੇ ਜਾਣਕਾਰੀ ਹੋਣਾ ਜ਼ਰੂਰੀ ਹੁੰਦਾ ਹੈ। ਉਹ ਹਨ:
-ਕਿ ਆਪਣਾ ਪਾਇਆ ਪੈਸਾ ਸੇਫ ਰਹੇ।
-ਕਿ ਰਿਸਕ ਘੱਟ ਤੋਂ ਘੱਟ ਹੋਵੇ।
-ਕਿ ਗਰੋਥ ਜ਼ਰੂਰ ਹੋਵੇ, ਚਾਹੇ ਥੋੜੀ ਹੀ ਸਹੀ।

ਇੰਨ੍ਹਾਂ ਗੱਲਾਂ ਦਾ ਮਹੱਤਵ ਬੱਚਿਆਂ ਦੇ ਐਜੂਕੇਸ਼ਨ ਪਲਾਨ ਦੀ ਇਨਵੈਸਟਮੈਂਟ ਵਾਸਤੇ ਹੋਰ ਵੀ ਜ਼ਿਆਦਾ ਵੱਧ ਜਾਂਦਾ ਹੈ ਕਿਉਂਕਿ ਸਮਾਂ ਬਹੁਤ ਥੋੜਾ ਹੁੰਦਾ ਹੈ। ਬੱਚੇ ਦਿਨਾਂ ਵਿੱਚ ਹੀ ਬੜੇ ਹੋ ਜਾਂਦੇ ਹਨ ਅਤੇ ਉਹਨਾਂ ਦੀ ਉਚੇਰੀ ਵਿਦਆ ਦਾ ਖ਼ਰਚਾ ਬਹੁਤ ਜਲਦੀ ਹੀ ਨੇੜੇ ਆ ਜਾਂਦਾ ਹੈ।

ਸਾਰੇ ਫਾਈਨੈਂਸ਼ੀਅਲ ਪਲਾੱਨਰ ਜਾਂ ਐਡਵਾਈਜ਼ਰ ਐਜੂਕੇਸ਼ਨ ਪਲਾਨਾਂ ਬਾਰੇ ਪੂਰੀ ਜਾਣਕਾਰੀ ਨਹੀਂ ਰੱਖਦੇ। ਕਈਆਂ ਨੂੰ ਸ਼ਾਇਦ ਆਪ ਵੀ ਨਹੀਂ ਪਤਾ ਕਿ ਕਿਹੜੇ ਪਲਾਨਾਂ ਵਿੱਚ ਵਧੀਆ ਤਰੀਕੇ ਨਾਲ ਪੈਸੇ ਇਨਵੈਸਟ ਕਰ ਕੇ ਕਿਵੇਂ ਵੱਧ ਤੋਂ ਵੱਧ ਫਾਇਦਾ ਉਠਾਇਆ ਜਾ ਸਕਦਾ ਹੈ।

ਕੁੱਝ ਹੋਰ ਧਿਆਨਯੋਗ ਗੱਲਾਂ
*ਬੱਚੇ ਦੇ ਹਾਈ ਸਕੂਲ ਖ਼ਤਮ ਕਰਦੇ ਹੀ ਯੂਨੀਵਰਸਿਟੀ ਜਾਂ ਕਾੱਲਜ ਵਾਸਤੇ ਪੈਸੇ ਮਿਲਣੇ ਚਾਹੀਦੇ ਹਨ।
*ਪਲਾੱਨ ਦੇ ਚਲਦੇ ਦੌਰਾਨ ਦੋਹਾਂ ਮਾਪਿਆਂ ਦੀ ਡਿਸਿਬਿਲਿਟੀ ਅਤੇ ਮੌਤ ਦੀ ਕਵਰੇਜ ਹੋਵੇ ਤਾਂ ਜੋ ਕੋਈ ਹਾਦਸਾ ਹੋਣ ਤੇ ਪਲਾੱਨ ਪੂਰਾ ਹੋਣ ਦੀ ਆੱਟੋਮੈਟਿਕ ਸੁਵਿਧਾ ਹੋਵੇ।
*ਜਿਵੇਂ ਜਿਵੇਂ ਬੱਚੇ ਅਗਲੇ ਸਾਲ ਵਿੱਚ ਅੱਗੇ ਦੀ ਪੜ੍ਹਾਈ ਕਰਦੇ ਹਨ ਨਾਲ ਦੀ ਨਾਲ ਪੈਸੇ ਮਿਲਦੇ ਰਹਿਣ।
*ਪਲਾੱਨ ਲਚਕਦਾਰ ਹੋਵੇ ਜਿਸ ਨਾਲ ਪੈਸੇ ਦਾ ਇਸਤੇਮਾਲ ਆਪ ਮੁਹਾਰੇ ਤਰੀਕੇ ਨਾਲ ਕਰਨ ਦੀ ਸੁਵਿਧਾ ਹੋਵੇ।
*ਤੁਹਾਡਾ ਐਡਵਾਈਜ਼ਰ ਫੁੱਲ ਟਾਈਮ ਐਜੂਕੇਸ਼ਨ ਪਲਾੱਨਾਂ ਦਾ ਹੀ ਕੰਮ ਕਰਦਾ ਹੋਵੇ ਤਾਂ ਜੋ ਤੁਸੀਂ ਕਦੇ ਵੀ ਉਸ ਨਾਲ ਸੰਪਰਕ ਕਰ ਸਕਦੇ ਹੋਵੋ।
*ਪਲਾੱਨ ਦੇ ਪੂਰਾ ਹੁੰਦੇ ਹੀ ਕੰਪਨੀ ਤੁਹਾਨੂੰ ਆਪਦੇ ਆਪ ਹੀ ਮਿਲਾਪ ਕਰਕੇ ਲੋੜੀਂਦੇ ਡਾਕੂਮੈਂਟ ਭੇਜੇ ਤਾਂ ਜੋ ਪੈਸੇ ਵਾਪਿਸ ਮਿਲਣ ਦੀ ਕਾਰਵਾਈ ਸ਼ੁਰੂ ਕੀਤੀ ਜਾ ਸਕੇ।
*ਬੱਚੇ ਨੂੰ ਐਜੂਕੇਸ਼ਨ ਪਲਾੱਨ ਦਾ ਅਹਿਸਾਸ ਰਹੇ ਅਤੇ ਵੱਧ ਚੜ੍ਹ ਕੇ ਮੇਹਨਤ ਕਰਨ ਦਾ ਜਜ਼ਬਾ ਬਣਿਆ ਰਹੇ। ਇਸ ਵਾਸਤੇ ਐਡਵਾਈਜ਼ਰ ਵੱਲੋਂ ਹਰ ਬੱਚੇ ਨੂੰ 'ਹੈਪੀ ਬਰਥ-ਡੇ' ਦਾ ਕਾਰਡ ਭੇਜਿਆ ਜਾਵੇ।

ਤਾਂ ਫਿਰ ਕੀ ਕਰੀਏ
ਅਗਰ ਹੁਣ ਤੱਕ ਬੱਚਿਆਂ ਦਾ ਐਜੂਕੇਸ਼ਨ ਪਲਾਨ ਨਹੀਂ ਲਿਆ ਤਾਂ ਦੇਰ ਨਾਂ ਕਰੋ। ਅਗਰ ਲਿਆ ਹੈ ਤਾਂ ਉਸ ਨੂੰ ਵਧਾ ਲਉ। ਅਗਰ ਕਿਸੇ ਨੇ ਕੋਈ ਹੋਰ ਪਲਾੱਨ ਲਿਆ ਹੈ ਤਾਂ ਛੇਤੀ ਗਰੁੱਪ ਪਲਾੱਨ ਵਿੱਚ ਟਰਾਂਸਫਰ ਕਰ ਲਵੋ।
ਐਜੂਕੇਸ਼ਨ ਪਲਾਨ ਲੈਣਾ ਹੈ, ਇੰਨ੍ਹਾਂ ਬਾਰੇ ਹੋਰ ਜਾਣਕਾਰੀ ਲੈਣੀ ਹੈ, ਆਪਦੇ ਪਲਾਨ ਨੂੰ ਰੀਵੀਊ ਜਾਂ ਟਰਾਂਸਫਰ ਕਰਨਾ ਹੈ ਤਾਂ ਮੇਰੇ ਨਾਲ ਸੰਪਰਕ ਕਰਨ ਲਈ ਨੰਬਰ ਹੈ: (416) 456 7467

### ਕੀ ਕੁੱਝ ਨਹੀਂ ਕਰਨਾ ਚਾਹੀਦਾ

*ਪਲਾਨ ਸ਼ੁਰੂ ਕਰਨ ਵਿੱਚ ਦੇਰੀ ਨਹੀਂ ਕਰਨੀ ਚਾਹੀਦੀ। ਜਿੰਨੀ ਲੇਟ ਸ਼ੁਰੂ ਕਰੋਂਗੇ ਉਨਾਂ ਹੀ ਨੁਕਸਾਨ ਹੋਵੇਗਾ। ਬੱਚੇ ਦੇ ਜਨਮ ਤੋਂ ਹੀ ਪਲਾਨ ਸ਼ੁਰੂ ਕਰੋ ਅਤੇ ਉਸ ਨੂੰ ਪੂਰਾ ਫਾਇਦਾ ਦਵਾਉ।
*ਪਲਾਨ ਵਿੱਚ ਪੈਸੇ ਪਾਉਂਦੇ ਵੇਲੇ ਸੰਕੋਚ ਬਿਲਕੁਲ ਨਾ ਕਰੋ। ਆਪਦੀ ਹਿੰਮਤ ਅਨੁਸਾਰ ਪੂਰੇ ਪੈਸੇ ਪਾਉ। ਅਗਰ ਹੁਣ ਪੂਰੇ ਨਹੀਂ ਪਾ ਸਕਦੇ ਤਾਂ ਥੋੜੇ ਨਾਲ ਸ਼ੁਰੂ ਕਰੋ। ਹੌਲੀ ਹੌਲੀ ਕਰ ਕੇ ਵਧਾ ਲਉ।
*ਪੈਸੇ ਘਟਾਉਣ ਬਾਰੇ ਕਦੇ ਨਾ ਸੋਚੋ। ਅਗਰ ਤੁਹਾਡੀ ਇਨਕਮ ਘੱਟ ਹੈ ਤਾਂ ਬੇਬੀ-ਬੋਨੱਸ ਜ਼ਿਆਦਾ ਹੋਵੇਗਾ। ਅਗਰ ਇਨਕਮ ਕਾਫੀ ਹੈ ਤਾਂ ਤੁਹਾਡੇ ਆਪਦੇ ਕੋਲ ਪੂਰੇ ਪੈਸੇ ਪਾਉਣ ਦੀ ਹਿੰਮਤ ਹੈ।
*ਐਜੂਕੇਸ਼ਨ ਪਲਾਨ ਦੇ ਪੈਸਿਆਂ ਤੇ ਕਦੇ ਨਜ਼ਰ ਨਾਂ ਰੱਖੋ। ਇਹ ਪੈਸੇ ਤੁਹਾਡੇ ਬੱਚੇ ਦਾ ਭਵਿੱਖ ਬਨਾਉਣਗੇ। ਇੰਨ੍ਹਾਂ ਨਾਲ ਆਪਦਾ ਅੱਜ ਨਾ ਸਵਾਰੋ। ਇਹਨਾਂ ਨੂੰ ਘਰ ਲੈਣ, ਸੈਰ ਸਪਾਟੇ, ਗੱਡੀ ਲੈਣ ਜਾਂ ਕੋਈ ਜੂਆ ਖੇਲਣ ਵਾਸਤੇ ਕਢਵਾਉਣ ਤੇ ਨੁਕਸਾਨ ਤੁਹਾਡੇ ਹੀ ਬੱਚਿਆਂ ਦਾ ਹੋਣਾ ਹੈ। ਆਪਾਂ ਉਹਨਾਂ ਵਾਸਤੇ ਕੁਰਬਾਨੀਆਂ ਦੇਣੀਆਂ ਹਨ। ਆਉਂਦੇ ਸਮੇਂ ਵਿੱਚ ਉਹ ਤੁਹਾਡੇ ਤੇ ਮਾਣ ਕਰਨਗੇ।
*ਸਵੈ-ਚਲਿੱਤ ਜਾਂ ਸੈਲਫ ਡਾਰੈਕਟਡ ਪਲਾਂਨਾਂ ਤੋਂ ਪਰੇ ਰਹੋ। ਆਪਣੇ ਬੱਚੇ ਵਾਸਤੇ ਗਰੁੱਪ ਪਲਾਨ ਹੀ ਲਵੋ। ਅਗਰ ਸੈਲਫ ਡਾਰੈਕਟਡ ਪਲਾਨ ਲਿਆ ਵੀ ਹੈ ਤਾਂ ਉਸ ਨੂੰ ਗਰੁੱਪ ਪਲਾਨ ਵਿੱਚ ਟਰਾਂਸਫਰ ਕਰਵਾ ਲਵੋ।


# ਅਸੀਂ ਭਾਰਤ ਤੇ ਪਾਕਿ ਦਰਮਿਆਨ ਪਰਮਾਣੂ ਜੰਗ ਰੋਕੀ: ਟਰੰਪ

ਨਿਊਯਾਰਕ/ਵਾਸ਼ਿੰਗਟਨ-ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਅੱਜ ਮੁੜ ਦਾਅਵਾ ਕੀਤਾ ਕਿ ਉਨ੍ਹਾਂ ਦੇ ਪ੍ਰਸ਼ਾਸਨ ਨੇ ਭਾਰਤ ਅਤੇ ਪਾਕਿਸਤਾਨ ਵਿਚਾਲੇ ਪਰਮਾਣੂ ਜੰਗ ਨੂੰ ਰੋਕ ਦਿੱਤਾ ਹੈ। ਡੋਨਲਡ ਟਰੰਪ ਨੇ ਵਾਈਟ ਹਾਊਸ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਮਰੀਕਾ ਨੇ ਦੋਵਾਂ ਦੇਸ਼ਾਂ ਦਰਮਿਆਨ ਜੰਗਬੰਦੀ ਲਈ ਮਦਦ ਕੀਤੀ। ਉਨ੍ਹਾਂ ਦੋਵਾਂ ਦੇਸ਼ਾਂ ਨੂੰ ਸਮਝਾਇਆ ਕਿ ਜੇ ਜੰਗ ਨਾ ਰੋਕੀ ਤਾਂ ਅਮਰੀਕਾ ਵਪਾਰ ਨਹੀਂ ਕਰੇਗਾ। ਉਨ੍ਹਾਂ ਕਿਹਾ ਕਿ ਇਹ ਜੰਗਬਾਦੀ ਸਥਾਈ ਰਹੇਗੀ। ਦੋਵਾਂ ਦੇਸ਼ਾਂ ਕੋਲ ਬਹੁਤ ਸਾਰੇ ਪਰਮਾਣੂ ਹਥਿਆਰ ਹਨ ਤੇ ਜੇ ਇਹ ਜੰਗ ਨਾ ਰੋਕੀ ਹੁੰਦੀ ਤਾਂ ਬਹੁਤ ਵੱਡਾ ਨੁਕਸਾਨ ਹੋ ਸਕਦਾ ਸੀ ਤੇ ਲੱਖਾਂ ਲੋਕ ਮਾਰੇ ਜਾ ਸਕਦੇ ਸਨ। ਟਰੰਪ ਨੇ ਦੋਵਾਂ ਦੇਸ਼ਾਂ ਨੂੰ ਕਿਹਾ ਕਿ ਜੇ ਉਹ ਜੰਗ ਰੋਕਦੇ ਹਨ ਤਾਂ ਅਮਰੀਕਾ ਉਨ੍ਹਾਂ ਨਾਲ ਵਪਾਰ ਹੋਰ ਵਧਾਏਗਾ ਜੇ ਉਹ ਜੰਗ ਨਹੀਂ ਰੋਕਦੇ ਤਾਂ ਅਮਰੀਕਾ ਵਪਾਰ ਨਹੀਂ ਕਰੇਗਾ।












~ ਅੱਜ ਦਾ ਵਿਚਾਰ ~

ਜਮਹੂਰੀਅਤ ਦਾ ਸਫ਼ਰ ਨੈਤਿਕਤਾ ਨਾਲ ਸ਼ੁਰੂ ਹੋਣਾ ਚਾਹੀਦਾ ਹੈ।-ਹੈਨਰੀ ਐਡਮਜ

# ਜ਼ਹਿਰੀਲੀ ਸ਼ਰਾਬ ਤੇ ਪ੍ਰਸ਼ਾਸਨ

ਜਿਸ ਸਮੇਂ ਭਗਵੰਤ ਮਾਨ ਸਰਕਾਰ ਨੇ ਯੁੱਧ ਨਸ਼ਿਆਂ ਵਿਰੁੱਧ ਛੇੜਿਆ ਹੋਇਆ ਹੈ ਉਸ ਸਮੇਂ ਇਕ ਵਾਰ ਫਿਰ ਵੱਡਾ ਦੁਖਾਂਤ ਮਜੀਠਾ ਇਲਾਕੇ ਵਿੱਚ ਵਾਪਰਿਆ ਹੈ ਜਿੱਥੇ ਜ਼ਹਿਰੀਲੀ ਸ਼ਰਾਬ ਕਾਰਨ 23 ਮੌਤਾਂ ਹੋ ਗਈਆਂ ਹਨ। ਇਸ ਕਾਰਨ ਸਰਕਾਰ ਦੀ ਮੁਹਿੰਮ ਉੱਤੇ ਵੱਡੇ ਪ੍ਰਸ਼ਨਚਿੰਨ੍ਹ ਲੱਗ ਗਏ ਹਨ ਕਿਉਂਕਿ ਖੁਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਇਹ ਗੱਲ ਮੰਨਦੇ ਹਨ ਕਿ ਅਜਿਹੇ ਧੰਦੇ ਪੁਲਿਸ, ਪ੍ਰਸ਼ਾਸਨ ਅਤੇ ਸਿਆਸਤਦਾਨਾਂ ਨਾਲ ਸਾਂਝ ਭਿਆਲੀ ਪਾ ਕੇ ਚੱਲਦੇ ਹਨ। ਉਂਝ ਪੰਜਾਬ ਵਿੱਚ ਜ਼ਹਿਰੀਲੀ ਸ਼ਰਾਬ ਵੇਚ ਕੇ ਲੋਕਾਂ ਦੀਆਂ ਜਾਨਾਂ ਨਾਲ ਖੇਡਣ ਦਾ ਧੰਦਾ ਲੰਬੇ ਸਮੇਂ ਤੋਂ ਜਾਰੀ ਹੈ ਤਾਂ ਹੁਣ ਵੀ ਬੇਰੋਕ ਜਾਰੀ ਹੈ ਅਤੇ ਇਸ ਵਾਰ ਇਸ ਨੇ ਅੰਮ੍ਰਿਤਸਰ ਜ਼ਿਲ੍ਹੇ ਦੇ ਮਜੀਠਾ ਬਲਾਕ ਵਿੱਚ ਦਸਤਕ ਦਿੱਤੀ ਹੈ। ਦੱਸਿਆ ਜਾ ਰਿਹਾ ਹੈ ਕਿ ਘੱਟੋ-ਘੱਟ 23 ਮੌਤਾਂ ਹੋ ਚੁੱਕੀਆਂ ਹਨ ਅਤੇ 10 ਹੋਰ ਵਿਅਕਤੀ ਹਾਲੇ ਵੀ ਅੰਮ੍ਰਿਤਸਰ ਦੇ ਸਰਕਾਰੀ ਹਸਪਤਾਲ ਵਿੱਚ ਦਾਖ਼ਲ ਹਨ। ਪੁਲੀਸ ਨੇ ਕੇਸ ਦਰਜ ਕਰ ਕੇ ਮੁੱਖ ਮੁਲਜ਼ਮ ਸਣੇ 7 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਮਜੀਠਾ ਪੁਲੀਸ ਸਟੇਸ਼ਨ ਦੇ ਐੱਸਐੱਚਓ ਤੇ ਡੀਐੱਸਪੀ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਇੱਕ ਪ੍ਰਭਾਵਿਤ ਪਿੰਡ ਦਾ ਦੌਰਾ ਕਰਦਿਆਂ ਇਸ ਮਾਮਲੇ ਵਿੱਚ ਸਖ਼ਤ ਕਾਰਵਾਈ ਕਰਨ ਦਾ ਭਰੋਸਾ ਦਿਵਾਇਆ ਹੈ ਅਤੇ ਪੀੜਤਾਂ ਲਈ ਰਾਹਤ ਦਾ ਐਲਾਨ ਵੀ ਕੀਤਾ ਹੈ। ਪੰਜਾਬ ਵਿੱਚ ਇਸ ਤਰ੍ਹਾਂ ਦੀਆਂ ਕਈ ਘਟਨਾਵਾਂ ਵਾਪਰ ਚੁੱਕੀਆਂ ਹਨ। 2020 ਵਿੱਚ ਤਰਨ ਤਾਰਨ, ਅੰਮ੍ਰਿਤਸਰ ਤੇ ਗੁਰਦਾਸਪੁਰ ਜ਼ਿਲ੍ਹਿਆਂ ਵਿੱਚ ਜ਼ਹਿਰੀਲੀ ਸ਼ਰਾਬ ਪੀਣ ਨਾਲ 100 ਤੋਂ ਵੱਧ ਮੌਤਾਂ ਹੋਈਆਂ ਸਨ। ਪਿਛਲੇ ਸਾਲ ਸੰਗਰੂਰ ਜ਼ਿਲ੍ਹੇ ਦੇ ਦਿੜ੍ਹਬਾ ਖੇਤਰ ਵਿੱਚ 20 ਮੌਤਾਂ ਹੋ ਗਈਆਂ ਸਨ। ਜ਼ਹਿਰੀਲੀ ਸ਼ਰਾਬ ਦਾ ਸ਼ਿਕਾਰ ਆਮ ਤੌਰ 'ਤੇ ਗਰੀਬ ਹੀ ਬਣਦੇ ਹਨ। ਸਾਫ਼ ਜ਼ਾਹਿਰ ਹੁੰਦਾ ਹੈ ਕਿ ਪੰਜਾਬ ਵਿੱਚ ਇਹ ਖ਼ਤਰਨਾਕ ਧੰਦਾ ਪੁਲੀਸ, ਸਿਆਸਤਦਾਨਾਂ, ਆਬਕਾਰੀ ਅਧਿਕਾਰੀਆਂ ਤੇ ਗ਼ੈਰ-ਸਮਾਜਿਕ ਅਨਸਰਾਂ ਦੀ ਮਿਲੀਭੁਗਤ ਨਾਲ ਫੈਲ ਚੁੱਕਿਆ ਹੈ ਅਤੇ ਇਸ ਨੂੰ ਰੋਕਣ ਲਈ ਹਾਲੇ ਤੱਕ ਕੋਈ ਅਸਰਦਾਰ ਕਾਰਵਾਈ ਨਹੀਂ ਕੀਤੀ ਗਈ ਜਿਸ ਕਰ ਕੇ ਕੁਝ ਸਮੇਂ ਬਾਅਦ ਅਜਿਹੀ ਕੋਈ ਘਟਨਾ ਸਾਡੀ ਨੀਂਦ ਤੋੜ ਦਿੰਦੀ ਹੈ। ਰਿਪੋਰਟਾਂ ਤੋਂ ਇਹ ਵੀ ਪਤਾ ਲੱਗਿਆ ਹੈ ਕਿ ਸ਼ਰਾਬ ਬਣਾਉਣ ਲਈ ਜ਼ਹਿਰੀਲੇ ਅਤੇ ਸਨਅਤੀ ਮਾਦੇ ਮੀਥੇਨੌਲ ਦੀ ਵਰਤੋਂ ਕੀਤੀ ਜਾ ਰਹੀ ਹੈ। ਮਜੀਠਾ ਕਾਂਡ ਵਿੱਚ ਵੀ ਪਤਾ ਲੱਗਿਆ ਹੈ ਕਿ ਸ਼ਰਾਬ ਬਣਾਉਣ ਲਈ ਮੀਥੇਨੌਲ ਦੀ ਵਰਤੋਂ ਕੀਤੀ ਗਈ ਸੀ। ਆਮ ਤੌਰ 'ਤੇ ਇਨ੍ਹਾਂ ਘਟਨਾਵਾਂ ਦੀ ਜਾਂਚ ਤੋਂ ਪਤਾ ਲਗਦਾ ਹੈ ਕਿ ਗ਼ੈਰ-ਕਾਨੂੰਨੀ ਢੰਗ ਨਾਲ ਸ਼ਰਾਬ ਤਿਆਰ ਕਰਨ ਲਈ ਮੀਥੇਨੌਲ ਹਾਸਿਲ ਕਰ ਕੇ ਵੰਡਣ ਵਿੱਚ ਕੁਝ ਨੈੱਟਵਰਕ ਸ਼ਾਮਿਲ ਹਨ। ਦਿੜ੍ਹਬਾ ਕਾਂਡ ਦੀ ਜਾਂਚ ਤੋਂ ਪਤਾ ਲੱਗਿਆ ਸੀ ਕਿ ਜ਼ਹਿਰੀਲੀ ਸ਼ਰਾਬ ਤਿਆਰ ਕਰਨ ਲਈ ਮੀਥੇਨੌਲ ਨੋਇਡਾ ਦੀ ਇੱਕ ਫੈਕਟਰੀ ਤੋਂ ਸਪਲਾਈ ਕੀਤਾ ਗਿਆ ਸੀ। ਪਿਛਲੇ ਸਾਲਾਂ ਵਿੱਚ ਜ਼ਹਿਰੀਲੀ ਸ਼ਰਾਬ ਦੇ ਇਨ੍ਹਾਂ ਕੇਸਾਂ ਦੀ ਜਾਂਚ ਕਿਸੇ ਕੰਢੇ ਨਹੀਂ ਲੱਗ ਸਕੀ। 2020 ਦੇ ਕਾਂਡ ਵਿੱਚ ਆਬਕਾਰੀ ਤੇ ਪੁਲੀਸ ਅਫ਼ਸਰਾਂ ਨੂੰ ਮੁਅੱਤਲ ਕੀਤਾ ਗਿਆ ਸੀ ਪਰ ਕਿਸੇ ਵੀ ਅਫ਼ਸਰ ਦੀ ਬਰਖ਼ਾਸਤਗੀ ਨਹੀਂ ਹੋਈ ਅਤੇ ਨਾ ਹੀ ਕਿਸੇ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਹੈ। ਹਾਲਾਂਕਿ, ਪੰਜਾਬ ਆਬਕਾਰੀ ਕਾਨੂੰਨ ਵਿੱਚ ਸੋਧ ਕਰ ਕੇ ਜ਼ਹਿਰੀਲੇ ਮਾਦਿਆਂ ਦੀ ਵਰਤੋਂ ਦੇ ਸਬੰਧ ਵਿੱਚ ਸਖ਼ਤ ਸਜ਼ਾਵਾਂ ਦੀ ਵਿਵਸਥਾ ਕੀਤੀ ਗਈ ਹੈ ਪਰ ਕਾਨੂੰਨ ਦੀ ਕਾਰਗਰ ਅਮਲਦਾਰੀ ਵੱਡੀ ਚੁਣੌਤੀ ਬਣੀ ਹੋਈ ਹੈ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖ਼ਿਲਾਫ਼ ਵੱਡੀ ਮੁਹਿੰਮ ਚਲਾਈ ਜਾ ਰਹੀ ਹੈ ਪਰ ਮਜੀਠਾ ਖੇਤਰ ਵਿੱਚ ਵਾਪਰਿਆ ਇਹ ਕਾਂਡ ਇਹ ਦ੍ਰਿੜ੍ਹਾਉਂਦਾ ਹੈ ਕਿ ਪੰਜਾਬ ਵਿੱਚ ਸ਼ਰਾਬ ਤਿਆਰ ਕਰਨ ਲਈ ਮੀਥੇਨੌਲ ਦੀ ਵਰਤੋਂ ਘਾਤਕ ਸਮੱਸਿਆ ਬਣ ਚੁੱਕੀ ਹੈ ਅਤੇ ਇਸ ਨਾਲ ਜੁੜੇ ਸ਼ਰਾਬ ਕਾਰੋਬਾਰੀਆਂ, ਭ੍ਰਿਸ਼ਟ ਅਫ਼ਸਰਾਂ ਅਤੇ ਇਹ ਜ਼ਹਿਰੀਲਾ ਮਾਦਾ ਸਪਲਾਈ ਕਰਨ ਵਾਲੀਆਂ ਫਰਮਾਂ ਦੇ ਤਾਣੇ-ਬਾਣੇ ਨੂੰ ਤੋੜਨ ਲਈ ਫੌਰੀ ਕਾਰਗਰ ਕਾਰਵਾਈ ਦੀ ਲੋੜ ਹੈ।


HAMDARD MEDIA GROUP | ਹਮਦਰਦ HAMDARD MEDIA GROUP INC. | HAMDARD TV

PUBLISHER COMPANY : 1136811 ONTARIO INC. O/A.HAMDARD MEDIA GROUP

CANADA OFFICE : 2-1332, KHALSA DRIVE, MISSISSAUGA ON L5S 0A2

CHIEF EDITOR : Amar Singh Bhullar

SUB EDITOR: Karamjit Kaur Bhullar

GENERAL MANAGER: Sandeep Kaur Ranu

DISTRIBUTER : Bhupinder Kaur Dhillon

NEWS REPORTERS : Gurjeet Kaur, Darbara Singh Kahlon, Harpreet Singh Gill, Malkeet Singh (Vancouver), Maninder Kumar (Montreal)

INDIA REPORTERS: Upjit Singh, Makhan Shah

FRONT DESK : 905-791-9999, 905-696-1991

EMERGENCY : 416-433-6342

VANCOUVER OFFICE : 604-807-8610

EMAIL : as@hamdardtv.ca

Subscription Price:$225/Year

Funded by the Government of Canada | Canada


# ਸੂਝ-ਬੂਝ ਭਰੀ ਕਾਰਨੀ ਦੀ ਟਰੰਪ ਨਾਲ ਮੁਲਾਕਾਤ


ਸਿਰਫ ਕੈਨੇਡਾ ਦੇ 4 ਕਰੋੜ 10 ਲੱਖ ਲੋਕਾਂ ਦੀਆਂ ਹੀ ਨਹੀਂ ਬਲਕਿ ਪੂਰੇ ਵਿਸ਼ਵ ਭਰ ਦੇ ਲੋਕਾਂ ਦੀਆਂ ਨਜ਼ਰਾਂ ਕੈਨੇਡਾ ਦੇ ਨਵੇਂ ਚੁਣੇ ਗਏ ਪ੍ਰਧਾਨ ਮੰਤਰੀ ਮਾਰਕ ਕਾਰਨੀ ਅਤੇ ਅਮਰੀਕਾ ਦੇ ਆਪ ਹੁਦਰੇ, ਬੜਬੋਲੇ, ਧੌਂਸਬਾਜ਼ ਵਿਸ਼ਵ ਥਾਣੇਦਾਰ ਰਾਸ਼ਟਰਪਤੀ ਵੱਜੋਂ ਜਾਣੇ ਜਾਂਦੇ ਡੋਨਾਲਡ ਟਰੰਪ ਦਰਮਿਆਨ 6 ਮਈ, 2025 ਨੂੰ ਪਹਿਲੀ ਡਿਪਲੋਮੈਟਿਕ, ਸਦਾਚਾਰਕ, ਵਪਾਰਕ, ਰਾਜਨੀਤਕ, ਭੂਗੋਲਿਕ ਅਤੇ ਹੋਰ ਦੁਵਲੇ ਅਤੇ ਕੌਮਾਂਤਰੀ ਮੁੱਦਿਆਂ ਸਬੰਧੀ ਮਿਲਣੀ ਤੇ ਟਿੱਕੀਆਂ ਹੋਈਆਂ ਸਨ। ਅਮਰੀਕਾ ਦੇ ਦੂਸਰੀ ਵਾਰ 47ਵੇਂ ਰਾਸ਼ਟਰਪਤੀ ਵੱਜੋਂ 20 ਜਨਵਰੀ, 2025 ਨੂੰ ਪਦ ਸੰਭਾਲਣ ਬਾਅਦ ਉਸਦਾ ਹਮਲਾਵਰ ਵਤੀਰਾ ਦਰਸਾਉਂਦਾ ਹੈ ਕਿ ਉਹ ਦੂਸਰੇ ਵਿਸ਼ਵ ਯੁੱਧ ਬਾਅਦ ਸਥਾਪਿਤ ਗਲੋਬਲ ਨਿਜ਼ਾਮ ਨੂੰ ਅਮਰੀਕੀ ਕੇਂਦਰਤ ਕਰਨ 'ਤੇ ਤੁੱਲਿਆ ਹੋਇਆ ਹੈ। ਉਹ ਦੂਸਰੇ ਵਿਸ਼ਵ ਯੁੱਧ ਬਾਅਦ ਸਥਾਪਿਤ ਗਲੋਬਲ ਪੱਧਰੀ 'ਟੈਰਿਫ ਵਾਰ' ਨੇ ਪੂਰੇ ਵਿਸ਼ਵ ਦੀਆਂ ਚੂਲਾਂ ਸਿਵਾਏ ਤਾਕਤਵਰ ਚੀਨ ਦੇ ਹਿਲਾ ਕੇ ਰੱਖ ਦਿੱਤੀਆਂ। ਵਿਸ਼ਵ ਭਰ ਦੇ ਵੱਖ-ਵੱਖ ਦੇਸ਼ਾਂ ਦੇ ਮੁੱਖੀ ਆਪਣੀ ਆਰਥਿਕ ਬਰਬਾਦੀ ਦੇ ਬਚਾਅ ਲਈ ਉਸ ਕੋਲ ਟੈਰਿਫ ਕਟੌਤੀ ਦੀ ਭੀਖ ਮੰਗਣ ਜਾ ਰਹੇ ਹਨ ਅਤੇ ਹਰ ਇੱਕ ਨਾਲ ਤਾਨਸ਼ਾਹੀ ਭਰਿਆ ਵਰਤਾਉ ਕਰਨੋਂ ਬਾਜ਼ ਨਹੀਂ ਆਉਂਦਾ ਹੈ। ਉਹ ਆਪਣੇ ਸੁੱਪਰ ਕਾਰਪੋਰੇਟਰਵਾਦੀ ਗੈਂਗ ਨਾਲ ਵਾਈਟ ਹਾਉਸ ਦੇ ਓਵਲ ਦਫ਼ਤਰ ਵਿਚ ਬੈਠ ਜਾਂਦਾ ਹੈ ਤੇ ਮੁਲਕਾਤ ਲਈ ਆਏ ਰਾਸ਼ਟਰ ਮੁੱਖੀ ਅਤੇ ਉਸ ਨਾਲ ਆਈ ਗੂੰਗੀ ਟੀਮ ਨੂੰ ਘੇਰ ਲੈਂਦਾ ਹੈ। ਖ਼ੂਬ ਖ਼ਰੀਆਂ-ਖਰੀਆਂ, ਤਕੱਬਰ ਲਾਲ ਲਬਰੇਜ਼, ਝੂਠ ਨਾਲ ਲਿਬੜੀਆਂ ਤਰਕਾਂ ਸੁਣਾ ਕੇ ਉਸਦੀਆਂ ਸ਼ਰਤਾਂ ਅਨੁਸਾਰ ਸਮਝੌਤੇ ਸੰਧੀਆਂ ਕਰਨ ਲਈ ਮਜ਼ਬੂਰ ਕਰ ਦਿੰਦਾ ਹੈ। ਜਾਰਡਨ ਦੇ ਸ਼ਾਹ 'ਤੇ ਗਾਜ਼ਾ ਪੱਟੀ ਦੇ ਉੱਜੜੇ ਹਮਾਸ ਲੋਕਾਂ ਨੂੰ ਉਸਦੇ ਦੇਸ਼ ਵਿਚ ਵਸਾਉਣ ਜਾਂ ਵਲਾਦੀਮੀਰ ਜ਼ੈਲੰਸਕੀ ਯੂਕ੍ਰੇਨ ਰਾਸ਼ਟਰਪਤੀ ਨੂੰ ਅਮਰੀਕੀ ਸ਼ਰਤਾਂ 'ਤੇ ਰੂਸ ਨਾਲ ਸਮਝੌਤਾ ਕਰਨ ਲਈ ਮਜ਼ਬੂਰ ਕਰਨ ਦੇ ਡਰਾਮੇ ਤੋਂ ਕੌਣ ਜਾਣੂ ਨਹੀਂ? ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰ ਜਸਟਿਨ ਟਰੂਡੋ ਨੂੰ 'ਸ਼੍ਰੀਮਾਨ ਗਵਰਨਰ' ਅਤੇ ਕੈਨੇਡਾ ਨੂੰ ਅਮਰੀਕਾ ਦੇ '51ਵੇਂ ਰਾਜ' ਵੱਜੋਂ ਜਾਬਰਾਨਾ ਢੰਗ ਨਾਲ ਸ਼ਾਮਲ ਕਰਨ ਦਾ ਡਰਾਵੇ ਭਰੇ ਸ਼ਰਮਨਾਕ ਵਰਤਾਓ ਤੋਂ ਕੌਣ ਵਾਕਫ ਨਹੀਂ?

ਕਾਰਨੀ ਨਾਲ ਮਿਲਣੀ

ਕੈਨੇਡਾ ਦੇ ਸਾਬਕਾ ਲਿਬਰਲ ਪਾਰਟੀ ਸਬੰਧਿਤ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਿਰੁੱਧ ਪਾਰਟੀ ਅੰਦਰੋਂ ਬਗ਼ਾਵਤ ਕਰਕੇ ਉਨ੍ਹਾਂ ਦੇ ਅਸਤੀਫ਼ੇ ਬਾਅਦ ਮਾਰਕ ਕਾਰਨੀ 85 ਪ੍ਰਤੀਸ਼ਤ ਲਿਬਰਲਾਂ ਦੀ ਹਮਾਇਤ ਨਾਲ ਪਾਰਟੀ ਆਗੂ ਚੁਣੇ ਜਾਣ ਕਰਕੇ 14 ਮਾਰਚ, 2025 ਨੂੰ ਪ੍ਰਧਾਨ ਮੰਤਰੀ ਬਣਿਆ ਸੀ। 28 ਅਪ੍ਰੈਲ ਦੀਆਂ ਫੈਡਰਲ ਚੋਣਾਂ ਵਿਚ ਉਹ ਮੁੜ ਘੱਟ ਗਿਣਤੀ ਲਿਬਰਲ ਪਾਰਟੀ ਸਰਕਾਰ ਦਾ ਪ੍ਰਧਾਨ ਮੰਤਰੀ ਚੁਣਿਆ ਗਿਆ। ਕਾਰਨੀ ਰਾਜਨੀਤਕ ਆਗੂ ਨਹੀਂ ਹੈ, ਉਹ ਇੱਕ ਵਿਸ਼ਵ ਪ੍ਰਸਿੱਧ ਅਰਥਸ਼ਾਸਤਰੀ ਹੈ ਜੋ ਬੈਂਕ ਆਫ ਕੈਨੇਡਾ, ਬੈਂਕ ਆਫ ਇੰਗਲੈਂਡ ਦੇ ਗਵਰਨਰ ਵੱਜੋਂ ਭੂਮਿਕਾ ਨਿਭਾਉਣ ਤੋਂ ਇਲਾਵਾ ਵਿਸ਼ਵ ਬੈਂਕ ਅਤੇ ਹੋਰ ਅਨੇਕ ਆਰਥਿਕ ਸੰਸਥਾਵਾਂ ਨਾਲ ਕੰਮ ਕਰ ਚੁੱਕਾ ਹੈ। ਇਸੇ ਕਰਕੇ ਗਲੋਬਲ ਪੱਧਰ 'ਤੇ ਉਹ ਕਿਸੇ ਪਹਿਚਾਣ ਦਾ ਮੁਥਾਜ਼ ਨਹੀਂ। ਉਹ ਸਫ਼ਲ ਬਿਜ਼ਨਸ ਮੀਟਿੰਗਾਂ ਲਈ ਤਾਂ ਮਸ਼ਹੂਰ ਹੈ ਪਰ ਰਾਜਨੀਤਕ ਮੀਟਿੰਗਾਂ ਦਾ ਉਸ ਕੋਲ ਕੋਈ ਤਜ਼ਰਬਾ ਨਹੀਂ। ਪ੍ਰਧਾਨ ਮੰਤਰੀ ਬਣਨ ਬਾਅਦ ਅਮਰੀਕਾ 'ਤੇ ਦਬਾਅ ਬਣਾਉਣ ਲਈ ਉਸਨੇ ਯੂ.ਕੇ. ਅਤੇ ਫਰਾਂਸ ਦਾ ਦੌਰਾ ਜ਼ਰੂਰ ਕੀਤਾ। ਯੂ.ਕੇ. ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਜੋ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਚੌਂਕੀ ਭਰ ਗਿਆ ਸੀ, ਬਰਤਾਨੀਆਂ ਦੇ ਬਾਦਸ਼ਾਹ ਚਾਰਲਸ ਅਤੇ ਫਰਾਂਸ ਦੇ ਰਾਸ਼ਟਰਪਤੀ ਮੈਕਰਾਂ ਨਾਲ ਮੁਲਾਕਾਤਾਂ ਕੀਤੀਆਂ ਤਾਂ ਕਿ ਭਵਿੱਖ ਵਿਚ ਵਪਾਰਕ, ਰਾਜਨੀਤਕ, ਡਿਪਲੋਮੈਟਿਕ, ਸੁਰੱਖਿਆ ਅਤੇ ਯੁੱਧਨੀਤਕ ਸਮਝੌਤੇ ਕੀਤੇ ਜਾ ਸਕਣ। ਪਰ ਉਸ ਦੀ ਟਰੰਪ ਵਰਗੇ ਜਾਬਰ, ਆਪਹੁੱਦਰੇ, ਨਾਰਸਿਸਟ ਆਗੂ ਨਾਲ 6 ਮਈ ਦੀ ਮੁਲਾਕਾਤ ਇੱਕ ਚਣੌਤੀ ਭਰਿਆ ਟੈਸਟ ਸੀ। ਦਰਅਸਲ ਬੁਰੀ ਤਰ੍ਹਾਂ ਲਤਾੜੀ ਅਤੇ ਲੋਕ ਰੋਹ ਦਾ ਸ਼ਿਕਾਰ ਲਿਬਰਲ ਪਾਰਟੀ ਮੁੜ ਸੱਤਾ ਵਿਚ ਲਿਆਉਣ ਦਾ ਕਾਰਨ ਹੀ ਮਾਰਕ ਕਾਰਨੀ ਸੀ ਜਿਸ ਦੀ ਆਰਥਿਕ ਸੂਝ-ਬੂਝ ਤੇ ਕੈਨੇਡੀਅਨਾਂ ਨੇ ਭਰੋਸਾ ਜਿਤਾਇਆ।



'ਦਰਬਾਰਾ ਸਿੰਘ ਕਾਹਲੋਂ'
+12898292929



ਬੜੇ ਖੁਸ਼ਮਿਜਾਜ਼ ਅਤੇ ਇੱਕ-ਦੂਸਰੇ ਦੀ ਤਾਰੀਫ ਭਰੇ ਲਹਿਜ਼ੇ ਬਾਅਦ ਜਦੋਂ ਕਾਰਨੀ ਆਪਣੇ ਵਫ਼ਦ ਨਾਲ ਡੋਨਾਲਡ ਟਰੰਪ ਦੀ ਸ਼ੈਤਾਨ ਕਾਰਪੋਰੇਟਰ ਭਰਮਾਰ ਜੁੰਡਲੀ ਸਾਹਮਣੇ ਓਵਲ ਦਫ਼ਤਰ ਵਿਚ ਪੱਤਰਕਾਰਾਂ ਦੀ ਮੌਜੂਦਗੀ ਵਿਚ ਬੈਠੇ ਤਾਂ ਰਾਸ਼ਟਰਪਤੀ ਹੋ ਗਏ ਸ਼ੁਰੂ। ਉਨਾਂ ਦੀ ਸੁਰ ਦਬਾਅ ਭਰੀ, ਲਹਿਜ਼ਾ ਤਾਨਾਸ਼ਾਹੀ ਭਰਿਆ ਅਤੇ ਗਲਬਾਤ ਏਕਾਧਿਕਾਰ ਭਰੀ ਸੀ, ਜਿਸਨੇ ਪ੍ਰਧਾਨ ਮੰਤਰੀ ਕਾਰਨੀ ਵਰਗੇ ਅਰਥ ਸਾਸ਼ਤਰੀ, ਸ਼ਰੀਫ ਅਤੇ ਪ੍ਰਬੁੱਧ ਵਿਅਕਤੀ ਨੂੰ ਗੰਭੀਰ ਅਤੇ ਹੈਰਾਨਗੀ ਭਰੀ ਅਸ਼ਾਤ ਮਨੋਦਿਸ਼ਾ ਵੱਲ ਧੱਕ ਦਿਤਾ। ਉਨਾਂ ਨੇ ਗੁਰਬਾਣੀ ਅਨੁਸਾਰ ਮੌਕੇ ਦੀ ਨਜ਼ਾਕਤ ਮੱਦੇ ਨਜ਼ਰ ਇਹੀ ਸਹੀ ਸਮਝਿਆ 'ਵਖਤੁ ਵੀਚਾਰੇ ਸੁ ਬੰਦਾ ਹੋਇ।''

35 ਮਿੰਟ ਦੀ ਮੀਟਿੰਗ ਵਿਚ ਟਰੰਪ ਆਪਣੇ ਕਸੀਦੇ ਕੱਢਦਾ ਰਿਹਾ। ਕਰੀਬ 5525 ਮੀਲ ਸਰਹੱਦੀ ਖ਼ੂਬਸੂਰਤ ਗੁਆਂਢੀ, ਨਿੱਘੇ ਮਿੱਤਰ, 77 ਪ੍ਰਤੀਸ਼ਤ ਵਪਾਰਕ ਸਾਥੀ, ਜੰਗਾਂ-ਯੁੱਧਾਂ ਵਿਚ ਅਮਰੀਕਾ ਦੇ ਮੋਢੇ ਨਾਲ ਮੋਢਾ ਜੋੜ ਕੇ ਲੜਨ ਵਾਲੇ ਰਾਸ਼ਟਰ ਕੈਨੇਡਾ ਨਾਲ ਅਮਰੀਕਾ ਮੈਕਸੀਕੋ ਕੈਨੇਡਾ ਵਪਾਰਕ ਸਮਝੌਤਾ ਜੋ ਉਸ ਨੇ ਸੰਨ 2018 ਵਿਚ ਪਹਿਲੇ ਨਾਫਟਾ ਸਮਝੌਤੇ ਨੂੰ ਤੋੜ ਕੇ ਕੈਨੇਡਾ ਅਤੇ ਮੈਕਸੀਕੋ ਗੁਆਂਢੀ ਦੇਸ਼ਾਂ ਨਾਲ ਕੀਤਾ ਸੀ ਅਤੇ ਜਿਸਦੀ ਮੁੜ ਨਜ਼ਰਸਾਨੀ ਸੰਨ 2026 ਵਿਚ ਕਰਨੀ ਤਹਿ ਕੀਤੀ ਹੋਈ ਸੀ, ਨੂੰ ਨਕਾਰ ਕੇ ਟਰੰਪ ਆਪਣੇ ਵੱਲੋਂ ਠੋਕੇ 25 ਪ੍ਰਤੀਸ਼ਤ ਟੈਰਿਫ ਨੂੰ ਸਹੀ ਠਹਿਰਾ ਰਿਹਾ ਸੀ। ਕੈਨੇਡਾ ਦੀ ਸਨਅਤ ਅਮਰੀਕਾ ਵਿਚ ਆਉਣ ਦੀ ਮਜਬੂਰੀ ਟੈਰਿਫ ਦਬਾਅ ਹੇਠ ਦਰਸਾਅ ਰਿਹਾ ਸੀ। ਗਲਬਾਤ ਕੈਨੇਡਾ ਅਤੇ ਅਮਰੀਕਾ ਵਪਾਰਕ, ਮਿਲਵਰਤਣ, ਵਿਕਾਸ ਮਈ ਸਬੰਧਾਂ ਤੋਂ ਬੇਲੋੜੇ ਸਾਬਕਾ ਰਾਸ਼ਟਰਪਤੀ ਬਾਰਾਕ ਓਬਾਮਾ ਦੀ ਰਾਸ਼ਟਰਪਤੀ ਲਾਇਬ੍ਰੇਰੀ ਤੋਂ ਰੇਲ ਪ੍ਰਾਜੈਕਟਾਂ, ਹਾਉਥੀ ਲੜਾਕੂਆਂ ਨਾਲ ਸਿਝੇਣ ਬਾਅਦ ਸਮਝੌਤੇ, ਅਮਰੀਕੀ ਰਾਸ਼ਟਰਪਤੀ ਚੋਣਾਂ ਵਿਚ ਆਪਣੀਆਂ ਪ੍ਰਾਪਤੀਆਂ ਸੁਣਾ ਕੇ ਕਾਰਨੀ ਨੂੰ ਪ੍ਰਭਾਵਿਤ ਅਤੇ ਲੀਹੋਂ ਉਤਾਰਨ ਲਈ ਕਰ ਰਿਹਾ ਸੀ। ਕਾਰਨੀ ਇਸ ਸਭ ਤੇ ਚੁੱਪ ਸੀ। ਗੁਰਬਾਣੀ ਦੇ ਕਥਨ ਅਨੁਸਾਰ ਉਸ ਨੂੰ ਅੰਦਰੇ ਅੰਦਰ ਅਹਿਸਾਸ ਹੋ ਰਿਹਾ ਸੀ ਕਿ ਚੁੱਪ ਹੀ ਭਲੀ ਭਾਵ 'ਮੂਰਖੈ ਨਾਲਿ ਨ ਲੁਝੀਐ।'

ਕਰਾਰਾ ਜਵਾਬ : ਕਸੀਦੇ ਕੱਢਦੇ-ਕੱਢਦੇ ਆਖਰ ਟਰੰਪ ਉਸ ਬਦਨਾਮ ਸ਼ਰਮਲਾਕ ਨੁੱਕਤੇ ਤੇ ਆ ਗਿਆ ਜੋ ਕਿਸੇ ਵੀ ਰਾਸ਼ਟਰ ਦੇ ਮੁੱਖੀ ਲਈ ਸਹਿਣ ਨਹੀਂ ਹੁੰਦਾ। ਕੈਨੇਡਾ ਨਾਲ ਆਪਣੇ ਪਿਆਰ, ਆਪਣੀ ਮਾਂ ਦੇ ਪਿਛੋਕੜ, ਇਸ ਨੂੰ ਮੁਫ਼ਤ ਸੁਰੱਖਿਆ ਦੇਣ, ਟੈਰਿਫ ਅਤੇ ਟੈਕਸ ਮੁਆਫੀਆਂ, ਵਧੀਆ ਸਿਹਤ ਸੇਵਾਵਾਂ ਦੇਣ ਦੀਆਂ ਗੱਲਾਂ ਇੱਕ ਦਸਵੀਂ ਜਮਾਤ ਦੇ ਛੋਰੇ ਵਾਂਗ ਕਰਦਾ ਕਰਦਾ ਆਪਣੇ ਰੀਅਲ ਐਸਟੇਟ ਤਜ਼ਰਬੇ ਤੇ ਆ ਪੁੱਜਾ ਕਿ ਕਿਵੇਂ ਮਸਨੂਈ ਲਕੀਰ ਹਟਾਉਣ ਨਾਲ ਖ਼ੂਬਸੂਰਤ ਤਸਵੀਰ ਸਾਹਮਣੇ ਬਣ ਜਾਂਦੀ ਹੈ। ਉਹ ਕਲਾ ਪ੍ਰੇਮੀ ਹੈ ਅਤੇ ਐਸਾ ਮਹਿਸੂਸ ਕਰਦਾ ਹੈ। ਭਾਵ ਕੈਨੇਡਾ ਦੀ ਅਮਰੀਕਾ ਵਿਚ ਸਮੂਲੀਅਤ (51ਵੇਂ ਪ੍ਰਾਂਤ ਵੱਜੋਂ)

ਕੈਨੇਡਾ ਦੇ ਪ੍ਰਧਾਨ ਮੰਤਰੀ ਕਾਰਨੀ ਨੇ ਬੜੇ ਸੁੱਘੜ ਢੰਗ ਨਾਲ ਜਵਾਬ ਦਿਤਾ ਕਿ ਤੁਸੀਂ ਰੀਅਲ ਐਸਟੇਟ ਬਾਰੇ ਜਾਣਦੇ ਹੋ ਕਿ ਕੁੱਝ ਥਾਵਾਂ ਐਸੀਆਂ ਹੁੰਦੀਆਂ ਹਨ ਜੋ ਵਿਕਾਊ ਨਹੀਂ ਹੁੰਦੀਆਂ ਜਿਵੇਂ ਇੱਕ (ਵਾਈਟ ਹਾਊਸ) ਜਿਸ ਵਿਚ ਅਸੀਂ ਬੈਠੇ ਹਾਂ। ਦੂਸਰੇ ਬਕਿੰਘਮ ਪੈਲਸ (ਬਰਤਾਨਵੀ ਸ਼ਾਹੀ ਘਰਾਣੇ ਦਾ ਮਹੱਲ) ਉਹ ਚੋਣਾਂ ਦੌਰਾਨ ਪੂਰੇ ਕੈਨੇਡਾ ਵਿਚ ਘੁੰਮੇ। ਉਸਦੇ ਮਾਲਿਕਾਂ ਦਾ ਕਹਿਣਾ ਹੈ ਕਿ ਕੈਨੇਡਾ ਵਿਕਾਊ ਨਹੀਂ ਹੈ, ਕਦੇ ਵੀ। ਪਰ ਭਾਈਵਾਲੀ ਸਾਨੂੰ ਮੌਕਾ ਪ੍ਰਦਾਨ ਕਰਦੀ ਹੈ ਕਿ ਅਸੀਂ ਮਿਲ ਕੇ ਤਰੱਕੀ ਕਰ ਸਕਦੇ ਹਾਂ। ਫਿਰ ਜੋਕਰ ਵਜੋਂ ਟਰੰਪ ਬੋਲਿਆ, ''ਪਰ ਇਹ ਕਦੇ ਨਾ ਕਹੋ, ਕਦੇ ਨਹੀਂ।'' ਬਾਅਦ ਵਿਚ ਦੋਹਾਂ ਆਗੂਆਂ ਦੀ ਬੰਦ ਕਮਰੇ ਵਿਚ ਵੱਖਰੀ ਗੱਲਬਾਤ ਸਮੇਂ ਕਾਰਨੀ ਨੇ ਟਰੰਪ ਨੂੰ ਸਪਸ਼ਟ ਕਿਹਾ ਕਿ ਉਹ ਕੈਨੇਡਾ ਨੂੰ 51ਵੇਂ ਸੂਬੇ ਵਜੋਂ ਸ਼ਾਮਲ ਕਰਨ ਦੀ ਗੱਲ ਨਾ ਕਰਿਆ ਕਰਨ। ਪਰ ਉਹ ਬਾਜ ਆਉਣ ਵਾਲਾ ਨਹੀਂ।

ਫਾਕਸ ਮੀਡੀਆ ਅਦਾਰੇ ਨਾਲ ਗੱਲਬਾਤ ਕਰਦਿਆਂ ਕੈਨੇਡਾ ਦੇ ਐਕਟਰ ਵਿਲੀਅਮ ਸ਼ੈਂਟਰ ਨੇ ਕਿਹਾ ਕਿ ਜੇ ਅਮਰੀਕਾ ਨੂੰ ਕੈਨੇਡਾ ਨਾਲ ਏਨਾ ਪ੍ਰੇਮ ਹੈ ਤਾਂ ਉਹ ਉਸਦਾ 11ਵਾਂ ਸੂਬਾ ਬਣ ਜਾਵੇ। ਕੀ ਹਰਜ ਹੈ।

ਦੁਪਹਿਰ ਦੇ ਖਾਣੇ ਵੇਲੇ ਟਰੰਪ ਨੇ ਕਾਰਨੀ ਨੂੰ ਵਿਦੇਸ਼ ਨੀਤੀ ਬਾਰੇ ਗੱਲ ਕਰਦਿਆਂ ਪੁੱਛਿਆ ਕਿ ਉਹ ਰੂਸ, ਯੂਕ੍ਰੇਨ, ਚੀਨ, ਇਰਾਨ, ਗਾਜ਼ਾ ਆਦਿ ਦੇ ਮਸਲਿਆਂ ਬਾਰੇ ਕੈਸੇ ਵਿਚਾਰ ਰੱਖਦੇ ਹਨ। ਬੰਦ ਕਮਰਾ ਗੱਲਬਾਤ ਵਿਚ ਕਾਰਨੀ ਨੇ ਪ੍ਰਸ਼ਨ ਉਠਾਇਆ ਕਿ ਕੈਨੇਡਾ ਤੇ ਅਮਰੀਕੀ ਟੈਰਿਫਾਂ ਦਾ ਕੋਈ ਤੁੱਕ ਨਹੀਂ ਹੈ। ਦੋਹਾਂ ਨੇ ਇਸਪਾਤ, ਆਟੋ ਪਾਰਟਸ, ਫੈਂਟਾਨਾਈਲ (ਨਸ਼ੀਲਾ ਪਦਾਰਥ), ਰੱਖਿਆ, ਖਣਿਜ ਪਦਾਰਥਾਂ ਅਤੇ ਸਰਹੱਦੀ ਸੁਰੱਖਿਆ ਵਿਸ਼ਿਆਂ 'ਤੇ ਗੱਲ ਕੀਤੀ। ਅੰਦਰੂਨੀ ਸ੍ਰੋਤ ਦਰਸਾਉਂਦੇ ਹਨ ਕਿ ਟਰੰਪ ਦਾ ਵਤੀਰਾ ਕਾਰਨੀ ਪ੍ਰਤੀ ਜਸਟਿਨ ਟਰੂਡੋ ਨਾਲੋਂ ਬਹੁਤ ਭਿੰਨ ਸੀ। ਉਸ ਨੇ ਉਸਦੇ ਵਿਚਾਰਾਂ ਨੂੰ ਗੰਭੀਰਤਾ ਨਾਲ ਸੁਣਿਆ। ਕਈ ਸਵਾਲ ਵੀ ਪੁੱਛੇ। ਫੈਂਟਾਨਾਈਲ ਵਰਗੇ ਨਸ਼ੇ ਬੰਦ ਕਰਨੇ, ਨਸ਼ੀਲੇ ਪਦਾਰਥਾਂ ਦੇ ਸਰਗਣਿਆਂ 'ਤੇ ਕਾਬੂ ਪਾਉਣ, ਆਰਕਟਿਕ ਖੇਤਰ ਦੀ ਸੁਰੱਖਿਆ, ਕੈਨੇਡਾ ਦੀ ਫੌਜੀ ਸ਼ਕਤੀ ਦੇ ਵਿਸਥਾਰ ਵਰਗੇ ਨੁੱਕਤਿਆਂ 'ਤੇ ਵਿਚਾਰ ਵਟਾਂਦਰਾ ਕੀਤਾ।

ਆਰਥਿਕ ਮਾਹਿਰ ਵਜੋਂ ਕਾਰਨੀ, ਟਰੰਪ ਨਾਲ ਸਹਿਮਤ ਨਹੀਂ ਕਿ ਅਮਰੀਕਾ ਨੂੰ ਕੈਨੇਡਾ ਵਿਚ ਬਣਦੇ ਵਾਹਨਾਂ ਦੀ ਖਰੀਦ ਦੀ ਲੋੜ ਨਹੀਂ। ਅਮਰੀਕੀ ਆਟੋ ਸਨਅਤ ਦਾ ਸੱਚ ਇਹ ਹੈ ਅਤੇ ਉਸਦਾ ਵਿਚਾਰ ਵੀ ਇਹ ਹੈ ਕਿ ਉਹ ਕੈਨੇਡੀਅਨ ਆਟੋ ਵਰਕਰਾਂ, ਆਟੋ ਕੰਪਨੀਆਂ, ਕੈਨੇਡੀਅਨ ਸਟੀਲ, ਅਲਮੂਨੀਅਮ ਅਤੇ ਤਕਨੀਕ ਬਗੈਰ ਜਿਊ ਨਹੀਂ ਸਕਦੀ, ਟਰੰਪ ਭਾਵੇਂ ਜੋ ਮਰਜ਼ੀ ਮੁਹਾਰਨੀ ਪੜ੍ਹੀ ਜਾਵੇ।

ਅਮਰੀਕਾ ਵੱਲੋਂ ਟੈਰਿਫ ਠੋਕਣ ਬਾਅਦ ਅਤੇ ਕੈਨੇਡਾ ਵੱਲੋਂ ਜਵਾਬੀ ਕਾਰਵਾਈ ਕਰਨ ਬਾਅਦ ਕੈਨੇਡਾ ਦਾ ਅਰਮੀਕਾ ਨੂੰ ਪਹਿਲੇ ਮਹੀਨੇ ਵਿਚ ਨਿਰਯਾਤ 6.6 ਅਤੇ ਆਯਾਤ 2.9 ਪ੍ਰਤੀਸ਼ਤ ਘਟਿਆ ਹੈ। ਦੂਸਰੇ ਪਾਸੇ ਗੈਰ ਅਮਰੀਕੀ ਦੇਸ਼ਾਂ ਜਿਵੇਂ ਕੱਚੇ ਤੇਲ ਦਾ ਨਿਦਰਲੈਂਡ ਅਤੇ ਹਾਂਗਕਾਂਗ, ਸੋਨੇ ਦਾ ਬ੍ਰਿਟੇਨ, ਹੋਰ ਕਈ ਵਸਤਾਂ ਦਾ ਜਰਮਨੀ ਨੂੰ 24.8 ਪ੍ਰਤੀਸ਼ਤ ਨਿਰਯਾਤ ਵਧਿਆ ਹੈ।

ਪ੍ਰਧਾਨ ਮੰਤਰੀ ਕਾਰਨੀ ਹੁਣ ਅਮਰੀਕਾ ਨਾਲ ਵਪਾਰ 'ਤੇ ਨਿਰਭਰ ਨਹੀਂ ਰਹਿਣਗੇ। ਉਨ੍ਹਾਂ ਇਸ ਨੂੰ ਵਿਸ਼ਵ ਦੇ ਹੋਰ ਦੇਸ਼ਾਂ ਲਾਲ ਵਧਾਉਣ ਦਾ ਨੀਤੀਗਤ ਫੈਸਲਾ ਕਰ ਲਿਆ ਹੈ। ਉਹ ਦੇਸ਼ ਅੰਦਰ ਵੱਖ-ਵੱਖ ਸੂਬਿਆਂ ਦਰਮਿਆਨ ਟੈਰਿਫ ਬੈਰੀਅਰ ਸੂਬਾਈ ਮੁੱਖ ਮੰਤਰੀਆਂ ਦੀ ਸਹਿਮਤੀ ਨਾਲ ਖ਼ਤਮ ਕਰ ਰਹੇ ਹਨ। ਆਪਣੇ ਦੇਸ਼ ਦਾ ਆਵਾਜਾਈ ਅਤੇ ਬਜ਼ਾਰ ਸਿਸਟਮ ਮਜ਼ਬੂਤ ਬਣਾ ਰਹੇ ਹਨ। ਇਸ ਅਤਿ ਆਧੁਨਿਕੀਕਾਰਨ ਦਾ ਵਿਚਾਰ ਰੱਖਦੇ ਹਨ।

ਬੰਦ ਕਮਰਾ ਗੱਲਬਾਤ ਬਾਅਦ ਪ੍ਰਧਾਨ ਮੰਤਰੀ ਨੇ ਦੱਸਿਆ ਕਿ ਟਰੰਪ ਕੈਨੇਡਾ ਲਾਲ ਵਪਾਰ ਅਤੇ ਗੱਲਬਾਤ ਦੇ ਹਾਮੀ ਹਨ। 26 ਜੂਨ, 2025 ਨੂੰ ਅਲਬਰਟਾ (ਕੈਨੇਡਾ) ਵਿਚ ਜੀ-7 ਦੇਸ਼ਾਂ ਦੀ ਮੀਟਿੰਗ ਵਿਚ ਮੁੜ ਟਰੰਪ ਅਤੇ ਉਹ ਸਿੱਧੀ ਵੰਨ ਟੂ ਵੰਨ ਗੱਲ ਕਰਨਗੇ। ਹਕੀਕਤ ਇਹ ਹੈ ਕਿ ਜੇਕਰ ਅਮਰੀਕਾ ਸਵਿਟਜ਼ਰਲੈਂਡ ਵਿਖੇ ਚੀਨ ਨਾਲ ਵਪਾਰ ਜੰਗ ਦੇ ਹੱਲ ਲਈ ਗੱਲਬਾਤ ਕਰ ਰਿਹਾ ਹੈ ਤਾਂ ਕੈਨੇਡਾ ਨਾਲ ਕਿਵੇਂ ਬੰਦ ਕਰ ਸਕਦਾ ਹੈ?

ਅਮਰੀਕਨ ਰਿਪਬਲੀਕਨ ਅਤੇ ਡੈਮੋਕ੍ਰੈਟਿਕ ਪਾਰਟੀਆਂ, ਅਮਰੀਕੀ ਲੋਕਾਂ, ਨੌਜਵਾਨਾਂ ਅਤੇ ਬੁੱਧੀਜੀਵੀਆਂ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਇਸਦੀ ਕਾਰਪੋਰੇਟਰਵਾਦੀ ਜੁੰਡਲੀ ਨੂੰ ਸਖ਼ਤੀ ਨਾਲ ਵਰਜਣਾ ਚਾਹੀਦਾ ਹੈ ਕਿ ਉਹ ਕੈਨੇਡਾ ਵਰਗੇ ਖ਼ੂਬਸੂਰਤ ਦੇਸ਼, ਭਰੋਸੇਯੋਗ ਮਿੱਤਰ ਅਤੇ ਮੈਕਸੀਕੋ ਵਰਗੇ ਗੁਆਂਢੀ ਦੇਸ਼ਾਂ ਨਾਲ ਦੁਸ਼ਮਣੀ ਤੋਂ ਬਾਜ਼ ਆਉਣ ਚਾਹੀਦਾ ਹੈ। ਇਹ ਦੇਸ਼ ਗਰੀਨਲੈਂਡ ਜਜ਼ੀਰਾ, ਪਨਾਮਾ ਨਹਿਰ, ਗਾਜ਼ਾਪੱਟੀ ਨਹੀਂ ਜਿੰਨਾਂ 'ਤੇ ਕਬਜ਼ਾ ਕਰਨ ਦੇ ਸ਼ਰਮਨਾਕ, ਅਮਾਨਵੀ ਅਤੇ ਗੈਰ ਲੋਕਤੰਤਰੀ ਟਰੰਪ ਗੋਂਦਾ ਗੁੰਦ ਰਿਹਾ ਹੈ

ਸਾਬਕਾ ਰਾਜ ਸੂਚਨਾ ਕਮਿਸ਼ਨਰ ਪੰਜਾਬ,
ਕਿੰਗਸਟਨਕੈਨੇਡਾ।

# ਭਾਰਤ-ਪਾਕਿਸਤਾਨ: ਕੀ ਬਦਲਿਆ, ਕੀ ਨਹੀਂ

ਨਿਰੂਪਮਾ ਸੁਬਰਾਮਣੀਅਨ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਨਾਲ ਕੀਤਾ ਆਪਣਾ ਵਾਅਦਾ ਕਾਇਮ ਰੱਖਿਆ ਅਤੇ ਪੰਜਾਬ ਸੂਬੇ ਦੇ ਤਿੰਨ ਅਤੇ ਪਾਕਿਸਤਾਨ ਦੇ ਕਬਜ਼ੇ ਹੇਠਲੇ ਕਸ਼ਮੀਰ ਵਿੱਚ ਛੇ ਦਹਿਸ਼ਤਗਰਦ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਕੇ ਪਾਕਿਸਤਾਨ ਖ਼ਿਲਾਫ਼ ਬਦਲੇ ਦੀ ਕਾਰਵਾਈ ਕਰਨ ਦੇ ਆਪਣੇ ਅਹਿਦ ਦੀ ਨੁਮਾਇਸ਼ ਕੀਤੀ। 1971 ਦੀ ਜੰਗ ਤੋਂ ਬਾਅਦ ਪਹਿਲੀ ਵਾਰ ਭਾਰਤ ਨੇ ਪਾਕਿਸਤਾਨ ਦੇ ਧੁਰ ਅੰਦਰ ਹਮਲੇ ਕੀਤੇ ਹਨ। 1971 ਅਤੇ ਫਿਰ 1999 ਦੀ ਕਾਰਗਿਲ ਜੰਗ ਵਿੱਚ ਹਾਰ ਜਿੱਤ ਦਾ ਨਿਤਾਰਾ ਹੋ ਗਿਆ ਸੀ; ਐਤਕੀਂ ਇਸ ਟਕਰਾਅ ਦੇ ਨਤੀਜੇ ਓਨੇ ਸਾਫ਼ ਨਜ਼ਰ ਨਹੀਂ ਆ ਰਹੇ; ਕਾਫ਼ੀ ਕੁਝ ਕੁ-ਪ੍ਰਚਾਰ ਦੀ ਧੁੰਦ ਅਤੇ ਦੋਵੇਂ ਪਾਸੀਂ ਪਸਰੀ ਸੁੰਨ 'ਚੋਂ ਨਿਖੇੜ ਕੇ ਦੇਖਣਾ ਪੈਣਾ ਹੈ। ਵੱਧ ਤੋਂ ਵੱਧ ਇਸ ਬਾਬਤ ਇਹੀ ਕਿਹਾ ਜਾ ਸਕਦਾ ਹੈ ਕਿ ਇਹ ਇੱਕ ਤਰ੍ਹਾਂ ਦੀ ਖੜੋਤ ਹੈ।

10 ਮਈ ਨੂੰ ਗੋਲੀਬੰਦੀ ਦਾ ਐਲਾਨ ਕਰ ਦਿੱਤਾ ਗਿਆ। ਸਰਕਾਰ ਨੇ ਆਖਿਆ ਕਿ 100 ਦਹਿਸ਼ਤਗਰਦ ਮਾਰੇ ਗਏ ਹਨ। ਲਗਦਾ ਹੈ ਕਿ ਸਭ ਤੋਂ ਵੱਡਾ ਨਿਸ਼ਾਨਾ ਬਹਾਵਲਪੁਰ ਵਿੱਚ ਜੈਸ਼-ਏ-ਮੁਹੰਮਦ ਦਾ ਮਰਕਜ਼ ਸੁਬਹਾਨਅੱਲ੍ਹਾ ਸੀ ਜਿਸ ਨੂੰ ਕਾਫ਼ੀ ਨੁਕਸਾਨ ਪਹੁੰਚਿਆ ਹੈ; ਇਸੇ ਤਰ੍ਹਾਂ ਮੁਰੀਦਕੇ ਵਿੱਚ ਲਸ਼ਕਰ-ਏ-ਤਇਬਾ ਦਾ ਸਦਰ ਮੁਕਾਮ ਸ਼ਾਮਿਲ ਸੀ। ਬਹਾਵਲਪੁਰ ਅਤੇ ਮੁਰੀਦਕੇ ਵਿੱਚ ਜਨਾਜ਼ਿਆਂ ਵਿੱਚ ਪਾਕਿਸਤਾਨੀ ਫ਼ੌਜ ਦੀ ਹਾਜ਼ਰੀ ਤੋਂ ਪੁਸ਼ਟੀ ਹੁੰਦੀ ਹੈ ਕਿ ਇਨ੍ਹਾਂ ਗਰੁੱਪਾਂ ਅਤੇ ਪਾਕਿਸਤਾਨੀ ਰਿਆਸਤ/ਸਟੇਟ ਵਿਚਕਾਰ ਦਿਨ ਵਾਂਗ ਬਹੁਤਾ ਕੁਝ ਸਾਫ਼ ਨਹੀਂ ਹੈ।

ਬਹਰਹਾਲ, ਇਨ੍ਹਾਂ ਜਥੇਬੰਦੀਆਂ ਦਾ ਨੁਕਸਾਨ ਸਥਾਈ ਨਹੀਂ; ਨਾ ਹੀ ਇਨ੍ਹਾਂ ਹਮਲਿਆਂ ਕਰ ਕੇ ਪਾਕਿਸਤਾਨੀ ਨਿਜ਼ਾਮ ਕਸ਼ਮੀਰ ਅਤੇ ਹੋਰ ਥਾਈਂ ਭਾਰਤ ਨੂੰ ਪੱਛ ਲਾਉਣ ਲਈ ਦਹਿਸ਼ਤਗਰਦ ਪ੍ਰੌਕਸੀਆਂ ਦੀ ਵਰਤੋਂ ਕਰਨ ਦੀ ਨੀਤੀ ਬਾਰੇ ਮੁੜ ਵਿਚਾਰ ਕਰਨ ਲਈ ਮਜਬੂਰ ਹੋ ਸਕੇਗਾ। ਇਸ ਲਈ ਭਰੋਸੇ ਨਾਲ ਨਹੀਂ ਕਿਹਾ ਜਾ ਸਕਦਾ ਕਿ ਇਨ੍ਹਾਂ ਹਮਲਿਆਂ ਨੇ ਯਕੀਨੀ ਬਣਾ ਦਿੱਤਾ ਹੈ ਕਿ ਪਾਕਿਸਤਾਨੀ ਸਰਜ਼ਮੀਂ ਤੋਂ ਭਾਰਤ ਖ਼ਿਲਾਫ਼ ਕੋਈ ਹੋਰ ਹਮਲਾ ਨਹੀਂ ਹੋਵੇਗਾ। ਇਹ ਬੇਯਕੀਨੀ ਸਰਕਾਰ ਦੇ ਇਸ ਐਲਾਨ 'ਚੋਂ ਵੀ ਬਿਆਨ ਹੁੰਦੀ ਹੈ ਕਿ ਭਵਿੱਖ ਵਿੱਚ ਦਹਿਸ਼ਤਗਰਦੀ ਦੀ ਕਿਸੇ ਵੀ ਕਾਰਵਾਈ ਨੂੰ ਜੰਗ ਦਾ ਕਦਮ ਮੰਨਿਆ ਜਾਵੇਗਾ। 2016 ਦੀ ਸਰਜੀਕਲ ਸਟ੍ਰਾਈਕ ਅਤੇ 2019 ਦੇ ਬਾਲਾਕੋਟ ਹਮਲੇ ਦੇ ਮੁਕਾਬਲੇ 7 ਮਈ ਦੀ ਕਾਰਵਾਈ ਦਾ ਪੈਮਾਨਾ ਕਾਫ਼ੀ ਵੱਡਾ ਸੀ ਅਤੇ ਨਿਸ਼ਾਨਿਆਂ ਦਾ ਦਾਇਰਾ ਵੀ ਵਸੀਹ ਸੀ ਪਰ ਜਿੱਥੋਂ ਤੱਕ ਇਸ ਦੇ ਡਰਾਵੇ (deterrence value) ਦਾ ਤਾਅਲੁਕ ਹੈ, ਇਸ ਨੂੰ ਉਦੋਂ ਤੱਕ 'ਜਾਣੇ ਅਣਜਾਣੇ' ਵਰਗ ਵਿੱਚ ਰੱਖਣਾ ਪਵੇਗਾ ਜਦੋਂ ਤੱਕ ਖ਼ਾਸ ਤੌਰ 'ਤੇ ਭਾਰਤ ਉੱਪਰ ਫੋਕਸ ਰੱਖਣ ਵਾਲੇ ਦਹਿਸ਼ਤਗਰਦ ਗਰੁੱਪ ਪਾਕਿਸਤਾਨੀ ਸਰਜ਼ਮੀਂ ਤੋਂ ਕਾਰਵਾਈ ਕਰਦੇ ਰਹਿੰਦੇ ਹਨ।

ਫ਼ੌਜੀ ਮੁਹਾਜ਼ 'ਤੇ ਇਸ ਦੇ ਫ਼ਾਇਦੇ ਤੇ ਨੁਕਸਾਨ ਬਾਰੇ ਵਧੇਰੇ ਸਪੱਸ਼ਟਤਾ ਸਮਾਂ ਪਾ ਕੇ ਹੀ ਆ ਸਕੇਗੀ। ਜਿਵੇਂ ਹੀ ਫ਼ੌਜੀ ਟਕਰਾਅ ਵਧਿਆ ਤਾਂ 7, 8 ਤੇ 9 ਮਈ ਨੂੰ ਪਾਕਿਸਤਾਨ ਦੇ ਦਾਗ਼ੇ ਡਰੋਨਾਂ ਦੀਆਂ ਡਾਰਾਂ ਦਾ ਟਾਕਰਾ ਕਰਨ ਅਤੇ ਸਿਵਲੀਅਨ ਤੇ ਫ਼ੌਜੀ ਟਿਕਾਣਿਆਂ ਦੀ ਰਾਖੀ ਲਈ ਭਾਰਤ ਦੀ ਕਾਬਲੀਅਤ ਨਾਟਕੀ ਢੰਗ ਨਾਲ ਟੈਲੀਵਿਜ਼ਨ ਸਕਰੀਨਾਂ 'ਤੇ ਸਾਹਮਣੇ ਆਈ। ਭਾਰਤ ਨੇ ਰਾਵਲਪਿੰਡੀ ਵਿੱਚ ਰਣਨੀਤਕ ਤੌਰ 'ਤੇ ਅਹਿਮ ਚਕਲਾਲਾ ਏਅਰਬੇਸ ਅਤੇ ਹੋਰ ਹਵਾਈ ਅੱਡਿਆਂ 'ਤੇ ਵੀ ਮਾਰ ਕੀਤੀ। ਪਾਕਿਸਤਾਨ ਦੀ ਮਿਲਟਰੀ ਹੈੱਡਕੁਆਰਟਰਜ਼ ਐਂਡ ਸਟ੍ਰੈਟਜਿਕ ਪਲੈਨਜ਼ ਡਿਵੀਜ਼ਨ ਵੀ ਰਾਵਲਪਿੰਡੀ ਵਿੱਚ ਹੀ ਮੌਜੂਦ ਹਨ।

ਹਾਲ ਦੀ ਘੜੀ, ਏਅਰ ਮਾਰਸ਼ਲ ਏਕੇ ਭਾਰਤੀ ਜੋ ਹਵਾਈ ਸੈਨਾ ਦੇ ਡਾਇਰੈਕਟਰ ਜਨਰਲ ਆਫ ਅਪਰੇਸ਼ਨਜ਼ ਹਨ, ਵੱਲੋਂ ਪੰਜਾਬ ਵਿੱਚ ਬਠਿੰਡਾ ਤੇ ਕਸ਼ਮੀਰ ਵਾਦੀ ਵਿੱਚ ਪਾਂਪੋਰ ਵਿੱਚ 7 ਮਈ ਦੀ ਸਵੇਰ ਨੂੰ ਦੇਖੇ ਮਲਬੇ ਅਤੇ ਪਾਕਿਸਤਾਨੀ ਧਿਰ ਵੱਲੋਂ ਕੀਤੇ ਇਸ ਦਾਅਵੇ ਕਿ ਉਸ ਦੀ ਹਵਾਈ ਫ਼ੌਜ ਨੇ 5 ਜਹਾਜ਼ ਸੁੱਟ ਲਏ ਸਨ, ਦੇ ਜਵਾਬ ਵਿੱਚ ਜਾਰੀ ਬਿਆਨ ਵਿੱਚ ਇਹ ਕਹਿਣਾ ਕਿ "ਲੜਾਈ ਵਿੱਚ ਨੁਕਸਾਨ ਤਾਂ ਹੁੰਦਾ ਹੈ ਹੀ" ਕੁਝ ਭਾਰਤੀ ਲੜਾਕੂ ਜਹਾਜ਼ਾਂ ਦੇ ਦੱਸੇ ਨੁਕਸਾਨ ਨੂੰ ਟੇਢੇ ਢੰਗ ਨਾਲ ਪ੍ਰਵਾਨ ਕਰਦਾ ਜਾਪਦਾ ਹੈ।



ਬਹੁਤ ਸਾਰੀਆਂ ਭਰੋਸੇਮੰਦ ਕੌਮਾਂਤਰੀ ਮੀਡੀਆ ਸੰਸਥਾਵਾਂ ਵੱਲੋਂ ਕੁਝ ਪੱਛਮੀ ਅਹਿਲਕਾਰਾਂ ਦੇ ਹਵਾਲੇ ਨਾਲ ਇਹ ਦਾਅਵਾ (ਭਾਰਤੀ ਲੜਾਕੂ ਜਹਾਜ਼ ਡੇਗਣ) ਕੀਤਾ ਜਾਂਦਾ ਰਿਹਾ ਹੈ। ਲੜਾਈ ਦੇ ਮੈਦਾਨ ਵਿੱਚ ਪਾਕਿਸਤਾਨ ਨੂੰ ਚੀਨ ਦੀ ਮਦਦ ਦਾ ਫ਼ਾਇਦਾ ਮਿਲਿਆ ਹੈ ਅਤੇ ਹੁਣ ਇਹ ਦੇਖਣਾ ਬਾਕੀ ਹੈ ਕਿ ਅਗਲੇ ਕੁਝ ਮਹੀਨਿਆਂ ਦੌਰਾਨ ਚੀਨ ਨਾਲ ਆਪਣੇ ਸਬੰਧ ਆਮ ਵਰਗੇ ਬਣਾਉਣ ਦੀ ਦਿੱਲੀ ਦੀ ਚਾਰਾਜੋਈ ਉੱਪਰ ਇਸ ਦਾ ਕੀ ਪ੍ਰਭਾਵ ਪੈਂਦਾ ਹੈ। ਭਾਰਤ ਨੂੰ ਚੀਨ ਖ਼ਿਲਾਫ਼ ਖੇਡਦੇ ਤੱਕਦੇ ਰਹਿੰਦੇ ਇਸ ਦੇ ਗੁਆਂਢੀ ਤਾਂ ਇਨ੍ਹਾਂ ਚਾਰ ਦਿਨਾਂ ਤੋਂ ਆਪੋ-ਆਪਣੇ ਸੰਦੇਸ਼ ਲੈ ਚੁੱਕੇ ਹੋਣਗੇ।

ਵਿਆਪਕ ਕੂਟਨੀਤਕ ਅਖਾੜੇ 'ਚ ਅਜਿਹੇ ਕਈ ਕਾਰਨ ਹਨ ਜਿਨ੍ਹਾਂ 'ਚੋਂ ਇੱਕ ਜਿਹੜਾ ਭਾਰਤ-ਅਮਰੀਕਾ ਰਿਸ਼ਤੇ ਨੂੰ ਸਹਾਰਾ ਦੇ ਰਿਹਾ ਹੈ ਤੇ ਕੁਆਡ ਦੇ ਮੈਂਬਰ ਵਜੋਂ ਭਾਰਤ ਦੀ ਅਹਿਮੀਅਤ ਨੂੰ ਵੀ ਮਜ਼ਬੂਤ ਕਰ ਰਿਹਾ ਹੈ, ਉਹ ਹੈ ਹਿੰਦ ਮਹਾਸਾਗਰ ਖੇਤਰ ਵਿੱਚ ਚੀਨ ਦੇ ਮੁਕਾਬਲੇ ਇਸ ਦੀ ਭੂਮਿਕਾ। ਤਾਇਵਾਨ ਤੋਂ ਟੋਕੀਓ, ਕੈਨਬਰਾ ਤੋਂ ਵਾਸ਼ਿੰਗਟਨ ਤੱਕ, ਭਾਰਤ ਪਾਕਿਸਤਾਨ ਦੀ ਇਸ ਟੱਕਰ ਨੂੰ ਏਸ਼ੀਆ-ਪ੍ਰਸ਼ਾਂਤ ਖੇਤਰ 'ਚ ਵਿਆਪਕ ਅਸਰਾਂ ਦੇ ਪੱਖ ਤੋਂ ਵਾਚਿਆ ਜਾ ਰਿਹਾ ਹੈ।

ਪੱਛਮ ਵਿੱਚ ਭਾਰਤ ਦੇ ਕਈ ਦੋਸਤਾਂ ਨੇ ਪਾਕਿਸਤਾਨ ਨਾਲ ਸੰਜਮ ਵਰਤਣ ਅਤੇ ਵਾਰਤਾ ਦੀ ਸਲਾਹ ਦਿੱਤੀ ਪਰ ਪਾਕਿਸਤਾਨ ਦੀ ਅਤਿਵਾਦ ਨੂੰ ਸਹਾਰਾ ਦੇਣ ਲਈ ਨਿਖੇਧੀ ਨਹੀਂ ਕੀਤੀ। ਭਾਰਤ ਦੀ ਆਈਐੱਮਐੱਫ ਨੂੰ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਬਣਾਉਣ ਦੀ ਕੋਸ਼ਿਸ਼ ਨਾਕਾਮ ਹੋਈ ਜਿਸ ਦਾ ਉਦੇਸ਼ ਸੀ ਕਿ ਪਾਕਿਸਤਾਨ ਨੂੰ ਕਰਜ਼ੇ ਦੀ ਕਿਸ਼ਤ ਨਾ ਮਿਲੇ। ਦਹਿਸ਼ਤੀ ਹਮਲੇ ਤੋਂ ਬਾਅਦ ਭਾਰਤ ਨਾਲ ਇਕਜੁੱਟਤਾ ਪ੍ਰਗਟਾਉਣ ਲਈ ਅਮਰੀਕਾ ਵੱਲੋਂ ਦਿੱਤਾ ਬਿਆਨ ਦੋ ਅਰਥੀ ਬਣ ਗਿਆ। ਜਿਵੇਂ ਹੀ ਟਕਰਾਅ ਆਰੰਭ ਹੋਇਆ, ਅਮਰੀਕਾ ਨੇ ਸ਼ੁਰੂ 'ਚ "ਇਸ ਨਾਲ ਸਾਡਾ ਕੋਈ ਲੈਣਾ-ਦੇਣਾ ਨਹੀਂ" ਕਹਿ ਕੇ ਹੱਥ ਝਾੜ ਲਏ; ਤੇ ਘੰਟਿਆਂ ਵਿੱਚ ਹੀ ਪਹੁੰਚ ਬਦਲ ਕੇ ਸਿੱਧੀ "ਵਿਚੋਲਗੀ" ਤੱਕ ਪਹੁੰਚ ਗਈ। ਕੁਝ ਰਿਪੋਰਟਾਂ ਮੁਤਾਬਿਕ, ਭਾਰਤ ਦਾ ਚਕਲਾਲਾ 'ਤੇ ਹਮਲਾ ਅਹਿਮ ਮੋੜ ਸੀ। ਕੁਝ ਹੋਰ ਰਿਪੋਰਟਾਂ ਪਾਕਿਸਤਾਨ ਵੱਲੋਂ ਆਪਣੇ ਪਰਮਾਣੂ ਹਥਿਆਰ ਕੱਢਣ ਦੀ ਤਿਆਰੀ ਦਾ ਇਸ਼ਾਰਾ ਕਰਨ ਬਾਰੇ ਦੱਸਦੀਆਂ ਹਨ।

ਆਪਣੀ ਕਿਤਾਬ 'ਇੰਡੀਆਜ਼ ਪਾਕਿਸਤਾਨ ਕੋਨੰਡਰੱਮ, ਮੈਨੇਜਿੰਗ ਏ ਕੰਪਲੈਕਸ ਰਿਲੇਸ਼ਨਸ਼ਿਪ' ਵਿਚ ਸ਼ਰਤ ਸਭਰਵਾਲ, ਜੋ 26/11 ਤੋਂ ਬਾਅਦ ਦੇ ਮੁਸ਼ਕਿਲ ਵਰ੍ਹਿਆਂ 'ਚ ਪਾਕਿਸਤਾਨ ਵਿੱਚ ਹਾਈ ਕਮਿਸ਼ਨਰ ਸਨ, ਨੇ ਅਤੀਤ ਦੇ ਤਜਰਬਿਆਂ ਦੇ ਆਧਾਰ ਉੱਤੇ ਰਿਸ਼ਤਿਆਂ ਦੇ ਭਵਿੱਖ ਬਾਰੇ ਟਿੱਪਣੀਆਂ ਕੀਤੀਆਂ ਸਨ। "ਗੁਆਂਢੀਆਂ ਵਜੋਂ ਭਾਰਤ ਅਤੇ ਪਾਕਿਸਤਾਨ ਇੱਕ-ਦੂਜੇ ਨਾਲ ਗੱਲਬਾਤ ਬਿਨਾਂ ਨਹੀਂ ਰਹਿ ਸਕਦੇ। ਜਦੋਂ ਉਹ ਸਾਹਮਣੇ ਬੈਠ ਕੇ ਗੱਲ ਨਹੀਂ ਕਰ ਰਹੇ ਹੁੰਦੇ, ਉਦੋਂ ਉਹ ਅਕਸਰ ਬੰਦੂਕਾਂ ਰਾਹੀਂ ਗੱਲ ਕਰਦੇ ਹਨ। ਹਰ ਵਾਰ ਜਦੋਂ ਬੰਦੂਕਾਂ ਦਾ ਖੜਾਕ ਉੱਚਾ ਹੋਇਆ ਤਾਂ ਠੰਢ-ਠੰਢਾਅ ਕਰਨ ਲਈ ਤਾਕਤਵਰ ਮੁਲਕਾਂ ਨੂੰ ਦਖ਼ਲ ਦੇਣਾ ਪਿਆ।"

ਇਸੇ ਤਰ੍ਹਾਂ ਕਾਰਗਿਲ ਜੰਗ ਠੰਢੀ ਹੋਈ ਸੀ ਤੇ 2019 ਦਾ ਟਕਰਾਅ ਵੀ ਇੰਝ ਹੀ ਹੱਲ ਹੋਇਆ; ਇਸੇ ਤਰੀਕੇ ਨਾਲ ਹੀ 10 ਮਈ ਦੁਪਹਿਰ ਤੋਂ ਬਾਅਦ ਦੋ ਗੁਆਂਢੀਆਂ ਵਿਚਾਲੇ ਤੇਜ਼ੀ ਨਾਲ ਵਧ ਰਿਹਾ ਟਕਰਾਅ ਖ਼ਤਮ ਕੀਤਾ ਗਿਆ। ਆਖ਼ਿਰ 'ਚ ਟਰੰਪ ਜੋ ਹਾਲ ਦੀ ਘੜੀ ਯੂਕਰੇਨ ਨਾਲ ਰੂਸ ਦੀ ਜੰਗ ਖ਼ਤਮ ਕਰਾਉਣ ਦੇ ਆਪਣੇ ਯਤਨਾਂ 'ਚ ਸਫਲ ਨਹੀਂ ਹੋ ਸਕੇ, ਨੇ ਸਭ ਤੋਂ ਪਹਿਲਾਂ 'ਟਰੁੱਥ ਸੋਸ਼ਲ' ਅਤੇ ਪੋਸਟ ਰਾਹੀਂ ਗੋਲੀਬੰਦੀ ਦਾ ਐਲਾਨ ਕੀਤਾ ਤੇ ਆਪਣੀ ਭੂਮਿਕਾ ਬਾਰੇ ਵੀ ਦੱਸਿਆ। ਚੰਗੀ ਪਹਿਲ ਵਜੋਂ ਅਮਰੀਕੀ ਰਾਸ਼ਟਰਪਤੀ ਨੇ ਕਸ਼ਮੀਰ ਮੁੱਦੇ ਦਾ ਹੱਲ ਕਰਾਉਣ ਲਈ ਮਦਦ ਦੀ ਪੇਸ਼ਕਸ਼ ਦਾ ਪ੍ਰਸਤਾਵ ਵੀ ਰੱਖਿਆ।

ਜੇ ਪਾਕਿਸਤਾਨ ਦਾ ਇਰਾਦਾ ਕਸ਼ਮੀਰ ਵੱਲ ਕੌਮਾਂਤਰੀ ਧਿਆਨ ਖਿੱਚਣਾ ਸੀ ਤਾਂ ਪਿਛਲੇ ਹਫ਼ਤੇ ਦੀ ਲੜਾਈ ਰਾਹੀਂ ਉਹ ਇਸ ਵਿੱਚ ਸਫਲ ਰਿਹਾ ਹੈ। ਪਾਕਿਸਤਾਨ ਤੋਂ ਖ਼ੁਦ ਨੂੰ ਵੱਖਰਾ ਕਰ ਕੇ ਦੇਖਣ ਦੇ ਦਿੱਲੀ ਦੇ ਸਾਲਾਂ ਦੇ ਕੂਟਨੀਤਕ ਯਤਨਾਂ ਨੂੰ ਇਸ ਨੇ ਪੁੱਠਾ ਗੇੜਾ ਦੇ ਦਿੱਤਾ ਹੈ, ਖ਼ਾਸ ਤੌਰ 'ਤੇ ਜੰਮੂ ਕਸ਼ਮੀਰ ਵਿੱਚ ਸੰਵਿਧਾਨਕ ਤਬਦੀਲੀਆਂ ਅਤੇ 'ਵਿਸ਼ੇਸ਼ ਦਰਜੇ' ਦੇ ਖ਼ਾਤਮੇ ਤੋਂ ਬਾਅਦ ਭਾਰਤ ਬਿਲਕੁਲ ਵੱਖਰੇ ਤੌਰ 'ਤੇ ਵਿਚਰ ਰਿਹਾ ਸੀ। ਭਾਰਤ ਨੇ ਅਮਰੀਕੀ ਰਾਸ਼ਟਰਪਤੀ ਟਰੰਪ ਦੀ ਭੂਮਿਕਾ ਤੋਂ ਇਨਕਾਰ ਕੀਤਾ ਹੈ ਜਦੋਂਕਿ ਪਾਕਿਸਤਾਨ ਨੇ ਟਰੰਪ ਦੀ ਪ੍ਰਸ਼ੰਸਾ ਕੀਤੀ ਹੈ।

ਦਿੱਲੀ ਦਾ ਐਲਾਨਨਾਮਾ ਕਿ ਹਰ ਦਹਿਸ਼ਤੀ ਕਾਰਵਾਈ ਨੂੰ ਹੁਣ ਤੋਂ ਜੰਗ ਲਾਉਣ ਵਰਗਾ ਸਮਝਿਆ ਜਾਵੇਗਾ, ਨੂੰ 'ਨਵੀਂ ਤਰਜ਼' ਦੱਸਿਆ ਜਾ ਰਿਹਾ ਹੈ। ਇਹ ਸ਼ਾਇਦ ਭਾਰਤ ਵਿਚ ਮੋਦੀ ਦੀਆਂ ਰਵਾਇਤੀ ਸਫ਼ਾਂ ਵਿੱਚ ਗੁੱਸੇ ਨੂੰ ਥੋੜ੍ਹਾ ਠੰਢਾ ਕਰੇਗਾ ਜੋ ਭਾਰਤ ਦੇ ਗੋਲੀਬੰਦੀ ਲਈ 'ਸਹਿਮਤ' ਹੋਣ ਉੱਤੇ ਖਿਝੀਆਂ ਹੋਈਆਂ ਹਨ- ਜਿਵੇਂ ਇਕ ਟਿੱਪਣੀਕਾਰ ਨੇ ਇਸ ਨੂੰ 'ਜਿੱਤ ਦੇ ਜਬਾੜੇ ਵਿੱਚੋਂ ਹਾਰ ਖੋਹਣ ਦੇ ਬਰਾਬਰ' ਬਿਆਨਿਆ ਸੀ। ਸਰਕਾਰ ਨੇ ਇਨ੍ਹਾਂ ਹਲਕਿਆਂ ਨੂੰ ਇਹ ਯਕੀਨ ਦਿਵਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਗੋਲੀਬੰਦੀ ਤੋਂ ਬਾਅਦ ਕੋਈ ਸ਼ਾਂਤੀ ਵਾਰਤਾ ਨਹੀਂ ਹੋਵੇਗੀ ਤੇ ਸਿੰਧ ਜਲ ਸੰਧੀ ਮੁਅੱਤਲ ਰਹੇਗੀ ਪਰ ਅਖੌਤੀ 'ਨਵੀਂ ਤਰਜ਼' ਵਿਹਾਰ ਵਿੱਚ ਹੰਢਣਸਾਰ ਨਹੀਂ ਹੈ।

ਅਗਲੀ ਵਾਰ ਦਿੱਲੀ ਦੇ ਦੋਸਤ ਇਸ ਘਟਨਾਕ੍ਰਮ ਵਿਚ, ਟਕਰਾਅ ਕਾਬੂ ਕਰਨ 'ਚ ਭਾਰਤ ਦੀ ਅਸਮਰੱਥਾ ਤੋਂ ਚਿੰਤਤ ਹੁੰਦਿਆਂ, ਭਾਰਤੀ ਹੱਲੇ ਤੋਂ ਪਹਿਲਾਂ ਪਾਕਿਸਤਾਨ ਦੀ ਸ਼ਮੂਲੀਅਤ ਦੇ ਠੋਸ ਸਬੂਤ ਦੇਖਣਾ ਚਾਹੁਣਗੇ ਪਰ ਕਿਸੇ ਘਟਨਾ ਨੂੰ 'ਜੰਗ ਦਾ ਕਦਮ' ਐਲਾਨਣ ਦਾ ਅਸਲੀ ਜੋਖ਼ਿਮ ਇਹ ਹੈ ਕਿ ਇਸ ਨਾਲ ਭਾਰਤ-ਪਾਕਿਸਤਾਨ ਦਾ ਟਕਰਾਅ ਭੜਕਾਉਣ ਦੀ ਚਾਬੀ ਵਿਰੋਧੀ ਦੇ ਹੱਥ ਵਿੱਚ ਚਲੀ ਜਾਂਦੀ ਹੈ।

# ਡੁੱਲ੍ਹੇ ਬੇਰ ਡਿੱਗੇ ਬੇਰ

ਸਾਡੇ ਘਰ ਤੋਂ ਜਦੋਂ ਮੰਡੀ (ਮੌੜ) ਵੱਲ ਜਾਈਏ ਤਾਂ ਰਾਹ ਵਿੱਚ ਬਾਵਿਆਂ ਦੇ ਘਰ ਆਉਂਦੇ। ਉਨ੍ਹਾਂ 'ਚੋਂ ਇੱਕ ਦਾ ਨਾਂ ਮਿਹਰੂ ਹੈ। ਉਹ ਪਿੰਡ ਦਾ ਗਰੀਬ ਕਿਸਾਨ ਹੈ ਜੋ ਹੁਣ ਸਿਰਫ਼ ਮਜ਼ਦੂਰ ਬਣ ਕੇ ਰਹਿ ਗਿਆ ਹੈ। ਉਨ੍ਹਾਂ ਦੇ ਘਰ ਦੀ ਬਿਨਾਂ ਟੀਪ/ਪਲਸਤਰ ਬਾਹਰਲੀ ਕੰਧ ਨਾਲ ਗਲੀ ਵਿੱਚ ਦੇਸੀ ਬੇਰੀ ਹੈ। ਮਾਘ ਵਿੱਚ ਹੀ ਉਸ ਉੱਤੇ ਕੱਚੇ ਬੇਰਾਂ ਦੀਆਂ ਲੜੀਆਂ ਲਮਕਣ ਲੱਗ ਪੈਂਦੀਆਂ। ਚੜ੍ਹਦੇ ਫੱਗਣ ਲੜੀਆਂ ਵਿੱਚ ਟਾਵਾਂ-ਟਾਵਾਂ ਬੇਰ ਪੱਕਣ ਲੱਗਦਾ। ਪੱਕਣ ਪਿੱਛੋਂ ਇਹ ਕੁਝ ਦਿਨ ਲੜੀ ਨਾਲ ਲੱਗਿਆ ਰਹਿੰਦਾ, ਫਿਰ ਗਲੀ ਵਿੱਚ ਆ ਡਿੱਗਦਾ। ਜਿਵੇਂ-ਜਿਵੇਂ ਫੱਗਣ ਦੇ ਦਿਨ ਲੰਘਦੇ ਜਾਂਦੇ, ਡਿੱਗੇ ਹੋਏ ਬੇਰਾਂ ਦੀ ਗਿਣਤੀ ਵਧਣ ਲੱਗਦੀ ਹੈ। ਸਾਈਕਲਾਂ ਅਤੇ ਮੋਟਰਸਾਈਕਲਾਂ 'ਤੇ ਰਾਹਗੀਰ ਡਿੱਗੇ ਬੇਰਾਂ ਨੂੰ ਲਤਾੜਦੇ ਪਿੰਡ ਤੋਂ ਮੰਡੀ ਤੇ ਮੰਡੀ ਤੋਂ ਪਿੰਡ ਵੱਲ ਸਾਰਾ ਦਿਨ ਲੰਘਦੇ ਰਹਿੰਦੇ। ਰੱਬ ਵੱਲ ਮੂੰਹ ਚੁੱਕੀ ਰੰਗ-ਬਿਰੰਗੇ ਪਤੰਗਾਂ ਪਿੱਛੇ ਭੱਜਦੇ ਜਵਾਕਾਂ ਨੂੰ ਵੀ ਇਹ ਬੇਰ ਕੋਈ ਖਿੱਚ ਨਹੀਂ ਪਾਉਂਦੇ। ਸ਼ਾਇਦ ਅੱਜ ਕੱਲ੍ਹ ਦੇ ਬੱਚਿਆਂ ਦੀ ਨਿਗ੍ਹਾ ਧਰਤੀ ਵੱਲ ਜਾਂਦੀ ਹੀ ਨਹੀਂ!

ਜਦੋਂ ਅਸੀਂ ਚੌਥੀ ਪੰਜਵੀਂ ਵਿੱਚ ਪੜ੍ਹਦੇ ਸਾਂ, ਉਸ ਵੇਲੇ ਵੀ ਇੱਕ ਬੇਰੀ ਹੁੰਦੀ ਸੀ ਜੋ ਦਿਆਵੰਤੀ ਦੇ ਬੇਰੀ ਵਜੋਂ ਮਸ਼ਹੂਰ ਸੀ।

ਦਿਆਵੰਤੀ ਤੇ ਬਾਬਾ ਤਾਰਾ ਪਿੰਡ ਦੀ ਸਤਿਕਾਰਯੋਗ ਬਿਰਧ ਜੋੜੀ ਸੀ। ਉਨ੍ਹਾਂ ਦੀ ਆਪਣੀ ਕੋਈ ਔਲਾਦ ਨਹੀਂ ਸੀ। ਬਾਬੇ ਨੇ ਆਪਣਾ ਭਤੀਜਾ ਗੋਦ ਲਿਆ ਹੋਇਆ ਸੀ ਜੋ ਉਸ ਸਮੇਂ ਕੈਨੇਡਾ ਦਾ ਪੱਕਾ ਵਸਨੀਕ ਸੀ ਤੇ ਬਾਬੇ ਹੁਰੀਂ ਫਿਰ 'ਕੱਲੇ ਦੇ 'ਕੱਲੇ।

ਉਨ੍ਹਾਂ ਦੇ ਘਰ ਅੰਦਰਲੀ ਬਾੜੀ ਵਿੱਚ ਇਹ ਬੇਰੀ ਜੰਗਲੀ ਬੂਟੇ ਵਾਂਗ ਉੱਗ ਆਈ ਸੀ। ਸੰਭਵ ਹੈ, ਕੋਈ ਪੰਛੀ/ਜਨੌਰ ਇਸ ਦੇ ਬੀਜ ਨੂੰ ਇੱਥੇ ਲਿਆਉਣ ਦਾ ਵਾਹਕ ਬਣਿਆ ਹੋਣੈ! ਤੇ ਬੇਬੇ ਨੇ ਆਪਣਾ ਧੀ/ਪੁੱਤ ਸਮਝ ਪੂਰੀਆਂ ਰੀਝਾਂ ਨਾਲ ਇਸ ਨੂੰ ਵਧਣ ਫੁੱਲਣ ਦਿੱਤਾ। ਫੈਲਦੀ-ਫੈਲਦੀ ਬੇਰੀ ਘਰ ਦੀ ਕੰਧ ਟੱਪ ਕੇ ਬਾਹਰ ਵੱਲ ਲਮਕਣ ਲੱਗ ਪਈ ਸੀ। ਸਬੱਬੀਂ,



ਇਹ ਕਿਸੇ ਚੰਗੀ ਨਸਲ ਦੀ ਸੀ ਜਿਸ ਨੂੰ ਖੇਤਾਂ ਵਿੱਚ ਖੜ੍ਹੀਆਂ ਬੇਰੀਆਂ ਨਾਲੋਂ ਪਹਿਲਾਂ ਬੇਰਾਂ ਦੇ ਪੂਰ ਲੱਗਦੇ ਤੇ ਉਨ੍ਹਾਂ ਤੋਂ ਪਹਿਲਾਂ ਹੀ ਪੱਕਣ ਲੱਗ ਜਾਂਦੇ।

ਵੱਡਾ ਹੋਣ ਕਾਰਨ ਪਿੰਡ ਵਿਚ ਦੋ ਪ੍ਰਾਇਮਰੀ ਸਕੂਲ ਸਨ। ਇਧਰਲੇ ਪਾਸੇ ਮੁੱਖ ਸਕੂਲ ਦੀ ਬਰਾਂਚ ਬਣੀ ਹੋਈ ਸੀ ਜਿੱਥੇ ਲਗਭਗ ਅੱਧੇ ਪਿੰਡ ਦੇ ਬੱਚੇ ਪੜ੍ਹਨ ਆਉਂਦੇ। ਉਨ੍ਹਾਂ ਦਾ ਰਾਹ ਦਿਆਵੰਤੀ ਦੇ ਘਰ ਕੋਲ ਦੀ ਹੁੰਦਾ। ਉਹ ਸਮਾਂ ਹੀ ਐਸਾ ਸੀ ਜਦੋਂ ਪ੍ਰਾਇਮਰੀ ਸਕੂਲ ਦੇ ਪਾੜ੍ਹਿਆਂ ਨੂੰ ਘਰੋਂ ਕੋਈ ਜੇਬ ਖਰਚ ਨਹੀਂ ਮਿਲਦਾ ਸੀ। ਉਨ੍ਹਾਂ ਲਈ ਇਹੀ ਬੇਰ ਕੌਰੂ ਦਾ ਖ਼ਜ਼ਾਨਾ ਹੁੰਦੇ।

ਸਕੂਲ ਆਉਂਦੇ/ਜਾਂਦੇ ਅਸੀਂ ਬੇਰਾਂ ਨੂੰ ਰੋੜੇ ਮਾਰ-ਮਾਰ ਝਾੜਨ ਦੀ ਕੋਸ਼ਿਸ਼ ਕਰਦੇ। ਬੇਰ ਧਰਤੀ 'ਤੇ ਮਗਰੋਂ ਡਿੱਗਦੇ, ਪਹਿਲਾਂ ਬੇਬੇ ਦੀਆਂ 'ਬੱਦਿਆਂ ਵਾਲੀਆਂ' ਗਾਲ੍ਹਾਂ ਸਾਡੇ ਕੰਨੀਂ ਪੈਂਦੀਆਂ, 'ਖੜ੍ਹਜੋ ਸੋਡੀ...!'

ਅਸੀਂ ਬਿਨਾਂ ਬੇਰ ਚੁਗਿਆਂ ਅੱਡੀਆਂ ਨੂੰ ਥੁੱਕ ਲਾ ਜਾਂਦੇ। ਸਾਡਾ ਬਚਪਨ ਆਪਣੇ ਨਾਲੋਂ ਵੱਡੀ ਗੱਲ ਸੋਚਦਾ, 'ਅੰਬੋ ਦਾ ਨਾਂ ਦਿਆਵੰਤੀ ਐ, ਫਿਰ ਇਹਦੇ ਮਨ 'ਚ ਦਿਆ ਕਿਉਂ ਨਹੀਂ ਆਉਂਦੀ!'

ਜਦੋਂ ਕਦੇ ਪਤਾ ਲੱਗਦਾ, ਅੰਬੋ ਅੱਜ ਘਰ ਨਹੀਂ ਤਾਂ ਅਸੀਂ ਮਨ ਦੀਆਂ ਭੋਲਾਂ ਲਾਹ ਲੈਣੀਆਂ ਤੇ ਆਪਸ ਵਿੱਚ ਬੇਰ ਦੀ ਹਿੜਕ (ਗਿਟਕ) ਨੂੰ ਮੂੰਹ ਦੀ ਹਵਾ ਨਾਲ ਸਭ ਤੋਂ ਦੂਰ ਸੁੱਟਣ ਦੀਆਂ ਸ਼ਰਤਾਂ ਲਾਉਣੀਆਂ।

ਅਖ਼ੀਰ, ਬਹੁਤੇ ਬੇਰ ਪੱਕਣ ਤੋਂ ਪਹਿਲਾਂ ਹੀ ਝਾੜ ਲਏ ਜਾਂਦੇ। ਇਨ੍ਹਾਂ ਅਧ ਪੱਕੇ ਬੇਰਾਂ ਨੂੰ ਚਬਦੇ ਜਦੋਂ ਘਰ ਪਹੁੰਚਦੇ ਤਾਂ ਲਿਬੜੀਆਂ ਖਾਖਾਂ ਦੇਖ ਮਾਂ ਝਿੜਕਦੀ, "ਕਿੰਨੀ ਵਾਰੀ ਕਿਹਾ, ਗਲਾ ਬੰਦ ਕਰ ਦੇਣਗੇ। ਨਾਲੇ ਸਾਰੀ ਰਾਤ ਖਊਂ-ਖਊਂ ਕਰੀ ਜਾਨੇ ਓਂ।"


"ਓਅ ਕਾਕਣੇ ਕਿੱਥੇ... ਗੜ੍ਹੇਂਦੇ ਐਂ ਫਿਰੇ-ਫਿਰੇ!" ਮੁੱਠੀ ਖੋਲ੍ਹ ਕੇ ਦਿਖਾਉਂਦੇ ਭੋਲੇ ਬਚਪਨ ਨੂੰ ਮਾਂ ਦੀਆਂ ਗਾਲ੍ਹਾਂ ਘਿਉ ਦੀਆਂ ਨਾਲਾਂ ਲੱਗਦੀਆਂ।

ਉਦੋਂ 'ਬੇਰਾਂ ਵੱਟੇ ਨਾ ਪਛਾਣਨਾ' ਮੁਹਾਵਰਾ ਨਿਰਾਰਥਿਕ ਜਾਪਦਾ ਸੀ ਪਰ ਹੁਣ ਜਦੋਂ ਮਿਹਰੂ ਬਾਵੇ ਦੀ ਬੇਰੀ ਤੋਂ ਆਪਣੇ ਆਪ ਡਿੱਗੇ ਬੇਰਾਂ ਦੀ ਬੇਕਦਰੀ ਦੇਖਦਾ ਹਾਂ ਤਾਂ ਲੱਗਦਾ ਕਿ ਉਹ ਮੁਹਾਵਰਾ ਸ਼ਾਇਦ ਇਨ੍ਹਾਂ ਸਮਿਆਂ ਲਈ ਬਣਿਆ ਹੋਵੇ, ਜਦੋਂ ਡੁੱਲ੍ਹੇ ਨਹੀਂ, ਡਿੱਗੇ ਬੇਰਾਂ ਦਾ 'ਕੁਝ ਨਹੀਂ' ਸਗੋਂ ਸਭ ਕੁਝ ਵਿਗੜਿਆ ਪਿਆ ਹੁੰਦਾ!

ਅਮਰਜੀਤ ਸਿੰਘ ਮਾਨ
ਸੰਪਰਕ: 94634-45092


# ਰੂਸ ਵੱਲੋਂ ਯੂਕਰੇਨ ਨਾਲ 15 ਨੂੰ ਇਸਤਾਂਬੁਲ 'ਚ ਸ਼ਾਂਤੀ ਵਾਰਤਾ ਦੀ ਤਜਵੀਜ਼

## ਪੂਤਿਨ ਨੇ 'ਬਿਨਾਂ ਸ਼ਰਤ' ਸਿੱਧੀ ਗੱਲਬਾਤ ਦਾ ਦਿੱਤਾ ਸੱਦਾ



ਮਾਸਕੋ, 11 ਮਈ-ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ 15 ਮਈ ਨੂੰ ਇਸਤਾਂਬੁਲ ਵਿੱਚ ਯੂਕਰੇਨ ਨਾਲ 'ਬਿਨਾਂ ਸ਼ਰਤ' ਸਿੱਧੀ ਗੱਲਬਾਤ ਸ਼ੁਰੂ ਕਰਨ ਦੀ ਤਜਵੀਜ਼ ਰੱਖੀ ਹੈ। ਪੂਤਿਨ ਨੇ ਐਤਵਾਰ ਤੜਕੇ ਕ੍ਰੈਮਲਿਨ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ 2022 ਵਿੱਚ ਰੂਸ ਤੇ ਯੂਕਰੇਨ ਦਰਮਿਆਨ ਹੋਈ ਸ਼ਾਂਤੀ ਵਾਰਤਾ 'ਮੁੜ ਸ਼ੁਰੂ' ਕਰਨ ਦੀ ਤਜਵੀਜ਼ ਰੱਖੀ ਹੈ। ਪੂਤਿਨ ਨੇ ਇਹ ਤਜਵੀਜ਼ ਅਜਿਹੇ ਮੌਕੇ ਰੱਖੀ ਹੈ ਜਦੋਂ ਚਾਰ ਪ੍ਰਮੁੱਖ ਯੂਰਪੀ ਮੁਲਕਾਂ ਦੇ ਆਗੂ ਰੂਸ ਉੱਤੇ 30 ਦਿਨਾਂ ਦੀ ਗੋਲੀਬੰਦੀ ਬਾਰੇ ਸਹਿਮਤੀ ਲਈ ਦਬਾਅ ਬਣਾ ਰਹੇ ਹਨ ਤਾਂ ਜੋ ਜੰਗ ਖ਼ਤਮ ਕਰਨ ਲਈ ਸ਼ਾਂਤੀ ਵਾਰਤਾ ਹੋ ਸਕੇ। ਫਰਾਂਸ, ਬਰਤਾਨੀਆ, ਜਰਮਨੀ ਅਤੇ ਪੋਲੈਂਡ ਦੇ ਆਗੂਆਂ ਨੇ ਕਿਹਾ ਕਿ ਸੋਮਵਾਰ ਤੋਂ ਜੰਗਬੰਦੀ ਸ਼ੁਰੂ ਕਰਨ ਸਬੰਧੀ ਉਨ੍ਹਾਂ ਦੀ ਤਜਵੀਜ਼ ਨੂੰ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਪੂਰੀ ਹਮਾਇਤ ਹਾਸਲ ਹੈ। ਪੂਤਿਨ ਨੇ ਸ਼ਨਿੱਚਰਵਾਰ ਨੂੰ ਆਪਣੇ ਬਿਆਨ ਵਿੱਚ ਜੰਗਬੰਦੀ ਦੀ ਨਵੀਂ ਤਜਵੀਜ਼ ਬਾਰੇ ਸਿੱਧੇ ਤੌਰ 'ਤੇ ਕੋਈ ਟਿੱਪਣੀ ਨਹੀਂ ਕੀਤੀ ਸੀ ਜਦੋਂ ਕਿ ਕ੍ਰੈਮਲਿਨ ਦੇ ਬੁਲਾਰੇ ਦਮਿਤਰੀ ਪੈਸਕੋਵ ਨੇ 'ਸੀਐੱਨਐੱਨ' ਨੂੰ ਦੱਸਿਆ ਸੀ ਕਿ ਮਾਸਕੋ ਇਸ ਬਾਰੇ ਵਿਚਾਰ ਕਰੇਗਾ। ਨਾਜ਼ੀ ਜਰਮਨੀ ਉੱਤੇ ਜਿੱਤ ਦੀ 80ਵੀਂ ਵਰ੍ਹੇਗੰਢ ਮਨਾਉਣ ਲਈ ਰੂਸ ਵੱਲੋਂ ਐਲਾਨੀ ਗਈ ਇੱਕਪਾਸੜ ਤਿੰਨ ਦਿਨਾਂ ਦੀ ਜੰਗਬੰਦੀ ਸ਼ਨਿੱਚਰਵਾਰ ਨੂੰ ਖ਼ਤਮ ਹੋ ਗਈ। ਉਂਜ ਯੂਕਰੇਨ ਨੇ ਕਿਹਾ ਕਿ ਰੂਸੀ ਫੌਜਾਂ ਨੇ ਵਾਰ-ਵਾਰ ਜੰਗਬੰਦੀ ਦੀ ਉਲੰਘਣਾ ਕੀਤੀ ਹੈ। ਅਮਰੀਕਾ ਨੇ ਮਾਰਚ ਵਿੱਚ ਫੌਰੀ ਅਤੇ 30 ਦਿਨਾਂ ਦੀ ਜੰਗਬੰਦੀ ਦੀ ਤਜਵੀਜ਼ ਰੱਖੀ ਸੀ, ਜਿਸ ਨੂੰ ਯੂਕਰੇਨ ਨੇ ਸਵੀਕਾਰ ਕਰ ਲਿਆ ਸੀ ਪਰ ਰੂਸ ਨੇ ਆਪਣੀਆਂ ਸ਼ਰਤਾਂ ਤਹਿਤ ਜੰਗਬੰਦੀ 'ਤੇ ਜ਼ੋਰ ਦਿੱਤਾ ਸੀ। ਯੂਕਰੇਨ ਦੇ ਵਿਦੇਸ਼ ਮੰਤਰੀ ਆਂਦਰੇਈ ਸਿਬੀਹਾ ਨੇ ਕਿਹਾ ਕਿ ਸ਼ਨਿੱਚਰਵਾਰ ਨੂੰ ਯੂਕਰੇਨ ਤੇ ਉਸ ਦੇ ਸਹਿਯੋਗੀ ਸੋਮਵਾਰ ਤੋਂ ਘੱਟੋ-ਘੱਟ 30 ਦਿਨਾਂ ਲਈ ਰੂਸ ਨਾਲ 'ਮੁਕੰਮਲ ਤੇ ਬਿਨਾਂ ਸ਼ਰਤ ਜੰਗਬੰਦੀ' ਲਈ ਤਿਆਰ ਹਨ।

## ਯੂਕ੍ਰੇਨੀ ਰਾਸ਼ਟਰਪਤੀ ਨੇ ਰੂਸੀ ਪਹਿਲਕਦਮੀ ਦਾ ਕੀਤਾ ਸਵਾਗਤ



ਕੀਵ - ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਕਿਹਾ ਕਿ ਉਹ ਰੂਸ ਨੂੰ ਆਖ਼ਰਕਾਰ ਯੁੱਧ ਖ਼ਤਮ ਕਰਨ ਦੀਆਂ ਕੋਸ਼ਿਸ਼ ਕਰਦੇ ਦੇਖ ਕੇ ਖੁਸ਼ ਹਨ ਪਰ ਸ਼ਾਂਤੀ ਵਾਰਤਾ ਸ਼ੁਰੂ ਹੋਣ ਤੋਂ ਪਹਿਲਾਂ ਜੰਗਬੰਦੀ ਹੋਣੀ ਚਾਹੀਦੀ ਹੈ। ਜ਼ੇਲੇਂਸਕੀ ਨੇ ਇਸਨੂੰ ਇੱਕ "ਸਕਾਰਾਤਮਕ ਸੰਕੇਤ" ਕਿਹਾ ਅਤੇ ਕਿਹਾ ਕਿ "ਪੂਰੀ ਦੁਨੀਆ ਬਹੁਤ ਲੰਬੇ ਸਮੇਂ ਤੋਂ ਇਸਦੀ ਉਡੀਕ ਕਰ ਰਹੀ ਹੈ ਅਤੇ ਕਿਸੇ ਵੀ ਯੁੱਧ ਨੂੰ ਸੱਚਮੁੱਚ ਖ਼ਤਮ ਕਰਨ ਲਈ ਪਹਿਲਾ ਕਦਮ ਜੰਗਬੰਦੀ ਹੈ।" ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਸ਼ਨੀਵਾਰ ਰਾਤ ਨੂੰ ਮੀਡੀਆ ਨੂੰ ਦਿੱਤੇ ਇੱਕ ਬਿਆਨ ਵਿੱਚ ਜੰਗਬੰਦੀ ਦੇ ਪ੍ਰਸਤਾਵ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੱਦ ਕਰ ਦਿੱਤਾ ਅਤੇ ਇਸ ਦੀ ਬਜਾਏ 15 ਮਈ ਨੂੰ ਇਸਤਾਂਬੁਲ ਵਿੱਚ "ਬਿਨਾਂ ਕਿਸੇ ਪੂਰਵ-ਸ਼ਰਤਾਂ ਦੇ" ਯੂਕ੍ਰੇਨ ਨਾਲ ਸਿੱਧੀ ਗੱਲਬਾਤ ਮੁੜ ਸ਼ੁਰੂ ਕਰਨ ਦਾ ਪ੍ਰਸਤਾਵ ਰੱਖਿਆ।

# ਕੀ ਸੁਪਰ ਵੀਜ਼ਾ ਆਪਣਾ ਮਕਸਦ ਪੂਰਾ ਕਰ ਰਿਹਾ ਹੈ



ਚਰਨ ਸਿੰਘ ਰਾਏ
MA,CAIB
416-400-9997

ਕੈਨੇਡਾ ਸਰਕਾਰ ਨੇ ਨਵੰਬਰ 2011 ਵਿਚ ਮਾਪਿਆਂ ਦੀਆਂ ਪੱਕੀਆਂ ਅਰਜ਼ੀਆਂ ਲੈਣੀਆਂ ਬੰਦ ਕਰ ਦਿੱਤੀਆਂ ਸਨ ਪਰ ਉਸ ਦੇ ਬਦਲ ਵਿਚ ਮਾਪਿਆਂ,ਦਾਦਾ-ਦਾਦੀ ਅਤੇ ਨਾਨਾ-ਨਾਨੀ ਨੂੰ ਛੇਤੀ ਕੈਨੇਡਾ ਬੁਲਾਉਣ ਲਈ ਇਕ ਦਸੰਬਰ 2011 ਤੋ ਸੁਪਰ-ਵੀਜ਼ਾ ਸ਼ੁਰੂ ਕੀਤਾ ਸੀ ਜਿਸ ਅਧੀਨ ਅਰਜ਼ੀ ਦਿੱਤੇ ਜਾਣ ਤੋ ਬਾਅਦ ਅੱਠ ਹਫ਼ਤਿਆਂ ਦੇ ਵਿਚ-ਵਿਚ ਮਾਪਿਆਂ ਨੂੰ ਵੀਜ਼ਾ ਦੇਣ ਦਾ ਵਾਅਦਾ ਕੀਤਾ ਸੀ। ਹੁਣ ਕੈਨੇਡਾ ਦੇ ਇਮੀਗਰੇਸ਼ਨ ਮੰਤਰੀ ਨੇ ਦੱਸਿਆ ਕਿ ਸੁਪਰ ਵੀਜ਼ਾ ਜਿਸ ਮਕਸਦ ਨੂੰ ਲੈ ਕੇ ਸ਼ੁਰੂ ਕੀਤਾ ਗਿਆ ਸੀ ਉਹ ਪੂਰਾ ਹੋ ਰਿਹਾ ਹੈ ਕਿਉਂਕਿ ਹੁਣ ਹਰ ਸਾਲ ਹਜ਼ਾਰਾਂ ਹੀ ਮਾਪਿਆਂ ਦੇ ਸੁਪਰ ਵੀਜ਼ੇ ਮਨਜ਼ੂਰ ਹੁੰਦੇ ਹਨ ਅਤੇ ਸੁਪਰ ਵੀਜ਼ੇ ਦਾ ਮਨਜ਼ੂਰੀ ਰੇਟ 87% ਤੋ ਵੀ ਵੱਧ ਹੈ। ਉਨ੍ਹਾਂ ਨੇ ਦੱਸਿਆ ਕਿ ਜੇ ਆਮਦਨ,ਮੈਡੀਕਲ ਅਤੇ ਹੈਲਥ ਇੰਸ਼ੋਰੈਂਸ ਦੀਆਂ ਸ਼ਰਤਾਂ ਪੂਰੀਆਂ ਹੋ ਜਾਣ ਤਾਂ 99% ਬਿਨੈਕਾਰ ਬਾਕੀ ਦੀਆਂ ਸ਼ਰਤਾਂ ਬੜੀ ਅਸਾਨੀ ਨਾਲ ਪੂਰੀਆਂ ਕਰ ਜਾਂਦੇ ਨੇ ਅਤੇ ਵੀਜ਼ਾ ਮਨਜ਼ੂਰ ਕਰਨ ਵਿਚ ਕੋਈ ਮੁਸ਼ਕਲ ਨਹੀਂ ਆਉਂਦੀ।

ਸੁਪਰ ਵੀਜ਼ੇ ਅਧੀਨ ਕੈਨੇਡਾ ਆਉਣ ਦੇ ਚਾਹਵਾਨ ਮਾਪਿਆਂ ਨੂੰ ਆਪਣਾ ਮੈਡੀਕਲ ਚੈੱਕਅਪ ਕਰਵਾਉਣਾ ਪੈਂਦਾ ਹੈ। 2. ਕੈਨੇਡਾ ਵਿਚ ਰਹਿੰਦੇ ਬੱਚਿਆਂ ਵੱਲੋਂ ਮਾਪਿਆਂ ਦੀ ਆਰਥਿਕ ਮਦਦ ਕਰਨ ਦਾ ਲਿਖਤੀ ਵਾਅਦਾ ਕਰਨਾ ਹੁੰਦਾ ਹੈ ਅਤੇ ਆਮਦਨ ਦੀ ਘੱਟੋ-ਘੱਟ ਸ਼ਰਤ ਪੂਰੀ ਕਰਨੀ ਹੁੰਦੀ ਹੈ 3. ਕੈਨੇਡਾ ਵਿਚ ਰਹਿੰਦੇ ਬੱਚਿਆਂ ਵੱਲੋਂ ਆਪਣੇ ਮਾਪਿਆਂ ਵਾਸਤੇ ਘੱਟੋ-ਘੱਟ 100000 ਡਾਲਰ ਦੀ ਇਕ ਸਾਲ ਦੀ ਹੈਲਥ ਇੰਸ਼ੋਰੈਂਸ ਲੈਣੀ ਪੈਂਦੀ ਹੈ ਜਿਹੜੀ ਹੈਲਥ ਕਵਰੇਜ,ਹਸਪਤਾਲ ਦੇ ਖ਼ਰਚੇ ਅਤੇ ਵਾਪਸ ਭੇਜਣ ਦੇ ਖ਼ਰਚੇ ਵੀ ਕਵਰ ਕਰਦੀ ਹੈ। ਇਹ ਸ਼ਰਤਾਂ ਪੂਰੀਆਂ ਕਰਨ ਤੇ 10 ਸਾਲ ਦਾ ਮਲਟੀਪਲ ਐਂਟਰੀ ਵੀਜ਼ਾ ਮਿਲ ਜਾਂਦਾ ਹੈ ਅਤੇ ਮਾਪੇ ਇੱਥੇ 5 ਸਾਲ ਤੱਕ ਲਗਾਤਾਰ ਰਹਿ ਸਕਦੇ ਹਨ ਅਤੇ 2 ਸਾਲ ਦਾ ਸਮਾਂ ਹੋਰ ਵੀ ਵਧਾ ਸਕਦੇ ਹਨ ਅਤੇ 7 ਸਾਲ ਤੱਕ ਲਗਾਤਾਰ ਇੱਥੇ ਰਹਿ ਸਕਦੇ ਹਨ

ਕਿਉਂਕਿ ਮਾਪੇ ਸੁਪਰ-ਵੀਜ਼ੇ ਤੇ ਕੈਨੇਡਾ ਆਉਣਗੇ ਇਸ ਲਈ ਉਨ੍ਹਾਂ ਨੂੰ ਹੈਲਥ ਕਾਰਡ ਨਹੀਂ ਮਿਲੇਗਾ ਅਤੇ ਸਰਕਾਰ ਵੱਲੋਂ ਉਹਨਾਂ ਦਾ ਮੈਡੀਕਲ ਖਰਚਾ ਨਹੀਂ ਚੁੱਕਿਆ ਜਾਵੇਗਾ। ਇਹ ਐਮਰਜੈਂਸੀ ਮੈਡੀਕਲ ਖਰਚਾ ਹੁਣ ਉਹਨਾਂ ਦੀ ਮੈਡੀਕਲ ਇੰਸ਼ੋਰੈਂਸ ਚੁੱਕੇਗੀ : 1 ਇਸ ਪਾਲਿਸੀ ਅਧੀਨ ਅਚਾਨਕ ਬਿਮਾਰੀ ਅਤੇ ਐਕਸੀਡੈਂਟ ਦਾ ਖਰਚਾ ਕਵਰ ਹੋਵੇਗਾ: ਜਿਵੇਂ - ਐਮਰਜੈਂਸੀ ਹਸਪਤਾਲ ਦਾ ਅਤੇ ਮੈਡੀਕਲ ਖਰਚਾ, ਡਾਕਟਰਾਂ ਦੀ ਫ਼ੀਸ,ਐਂਬੂਲੈਂਸ ਅਤੇ ਐਕਸਰੇ ਦਾ ਖਰਚਾ,ਦਵਾਈਆਂ ਦਾ ਖਰਚਾ ਕਵਰ ਹੋਵੇਗਾ .ਅਤੇ ਅੰਤਿਮ ਸਮੇਂ ਵਾਪਸ ਭੇਜਣ ਦਾ ਖਰਚਾ ਵੀ ਕਵਰ ਹੁੰਦਾ ਹੈ

ਸਰਕਾਰ ਵੱਲੋਂ ਦਿੱਤੇ ਚਾਰਟ ਅਨੁਸਾਰ ਜਿਹੜਾ ਕਿ 01 ਜਨਵਰੀ 2023 ਤੋ 31 ਦਸੰਬਰ 2023 ਤੱਕ ਲਾਗੂ ਹੈ,ਅਸੀਂ ਆਪ ਹੀ ਆਪਣੀ ਆਮਦਨ ਬਾਰੇ ਜਾਣ ਸਕਦੇ ਹਾਂ।

ਜੇ ਪਰਿਵਾਰ ਦੇ ਮੈਂਬਰਾਂ ਦੀ ਗਿਣਤੀ 3 ਹੈ ਤਾਂ ਘੱਟੋ-ਘੱਟ ਆਮਦਨ 40742ਡਾਲਰ 4= 49466 ਅਤੇ 5 = 56104 ਅਤੇ ਅਤੇ 7= 70448 ਡਾਲਰ ਅਤੇ ਇਸ ਤੋ ਵੱਧ ਹਰ ਇਕ ਮੈਂਬਰ ਦੇ 7172 ਡਾਲਰ ਜਮਾਂ ਕਰਕੇ ਆਮਦਨ ਦਾ ਪਤਾ ਲਗਾ ਸਕਦੇ ਹਾਂ। ਹਾਂ

ਇਹ ਹੈਲਥ ਡਾਲਰ ਦੀ ਇਕ ਸਾਲ ਪੈਣੀ ਹੈ ਅਤੇ ਇਸ ਦੇ ਸਿਹਤ ਅਤੇ ਸਮੇਂ ਹੁੰਦੇ ਹਨ। ਹੁਣ ਵੱਧ ਰੇਟ 45% ਤੱਕ ਜੇ ਮਾਪੇ ਦੀ ਉਮਰ ਵਿਚਕਾਰ ਹੈ ਤਾਂ ਦੇ 950 ਡਾਲਰ ਜਾਂਦੇ ਹਨ। ਅਤੇ ਇਹ ਕਿਸ਼ਤਾਂ ਵੀ ਦੇ ਸਕਦੇ ਮੈਡੀਕਲ ਲਿਖਣ ਵੇਲੇ ਉਮਰ,ਸਿਹਤ ਅਤੇ ਹੈ ਦਾ ਧਿਆਨ ਰੱਖ ਕਰਦੇ ਹਾਂ।

ਆਮ ਤੌਰ ਤੇ ਵਿਚ ਕਾਫ਼ੀ ਫ਼ਰਕ ਕਈ ਕੰਪਨੀਆਂ ਘੱਟ ਕਵਰ ਕਰਦੀਆਂ ਕਰਦੀਆਂ। ਇਕ ਡਾਲਰ ਤੱਕ ਕਵਰ ਦਸ ਹਜ਼ਾਰ ਹੀ ਕਈ ਕੰਪਨੀਆਂ ਭੇਜਣ ਦੇ ਖ਼ਰਚੇ ਅਤੇ ਇਕ ਕੰਪਨੀ 00 ਡਾਲਰ ਦੂਸਰੀ 12000 ਤੱਕ ਪੁਰਾਣੀਆਂ ਕਰਨ ਸਬੰਧੀ ਵੀ

ਇੰਸ਼ੋਰੈਂਸ 100000 ਦੇ ਸਮੇਂ ਲਈ ਖ਼ਰੀਦਣੀ ਰੇਟ ਮਾਪਿਆਂ ਦੀ ਉਮਰ, ਅਨੁਸਾਰ ਨਿਰਧਾਰਿਤ ਡਡੱਟੀਵਲ ਪਾਕੇ ਇਹ ਘਟਾਏ ਜਾ ਸਕਦੇ ਹਨ। 50 ਤੋ 64 ਸਾਲ ਦੇ 100000 ਦੀ ਇੰਸ਼ੋਰੈਂਸ ਸਾਲਾਨਾ ਤੋ ਸ਼ੁਰੂ ਹੋ ਤੁਸੀਂ ਹੁਣ ਮਹੀਨਾਵਾਰ ਹੋ। ਇੰਸ਼ੋਰੈਂਸ ਦੀ ਪਾਲਿਸੀ ਅਸੀਂ ਮਾਪਿਆਂ ਦੀ ਜੇ ਕੋਈ ਪੁਰਾਣੀ ਬਿਮਾਰੀ ਕੇ ਹੀ ਕੰਪਨੀ ਦੀ ਚੋਣ

ਇਹਨਾਂ ਪਾਲਿਸੀਆਂ ਹੁੰਦਾ ਹੈ। ਐਕਸੀਡੈਂਟਲ ਕਵਰੇਜ ਹਨ ਕਈ ਨਹੀਂ ਵੀ ਕੰਪਨੀ 100000 ਕਰਦੀ ਹੈ ਅਤੇ ਦੂਸਰੀ ਕਵਰ ਕਰਦੀ ਹੈ। ਅੰਤਿਮ ਸਮੇਂ ਵਾਪਸ ਕਵਰ ਨਹੀਂ ਕਰਦੀਆਂ 30 ਕਵਰ ਕਰਦੀ ਹੈ ਤਾਂ ਕਵਰ ਕਰਦੀ ਹੈ। ਬਿਮਾਰੀਆਂ ਕਵਰ ਪਤਾ ਕਰਨ ਦੀ ਲੋੜ ਹੈ।

ਜੇ ਮਾਪੇ ਕੁਝ ਸਮਾਂ ਰਹਿ ਕੇ ਵਾਪਸ ਚਲੇ ਜਾਂਦੇ ਹਨ ਤਾਂ ਜੇ ਕੋਈ ਕਲੇਮ ਨਹੀਂ ਲਿਆ ਤਾਂ ਰਹਿੰਦੇ ਸਮੇਂ ਦੇ ਪੈਸੇ ਵਾਪਸ ਮਿਲ ਜਾਂਦੇ ਹਨ ਪਰ ਕਈ ਪਾਲਿਸੀਆਂ ਵਿਚ ਇਹ ਸਹੂਲਤ ਨਹੀਂ ਹੈ।

ਵੀਜ਼ਾ ਨਾ ਲੱਗਣ ਤੇ ਸਾਰੇ ਪੈਸੇ ਵਾਪਸ ਹੋਣ ਦੀ ਵੀ ਸਹੂਲਤ ਹੋਵੇ।ਕਈ ਕੰਪਨੀਆਂ ਇਹ ਸਹੂਲਤ ਫ਼ਰੀ ਦਿੰਦੀਆਂ ਹਨ ਪਰ ਕਈ ਫ਼ੀਸ ਲੈਂਦੀਆਂ ਹਨ।

ਸਰਕਾਰੀ ਹਦਾਇਤਾਂ ਮੁਤਾਬਿਕ ਮੈਡੀਕਲ ਹੈਲਥ ਇੰਸ਼ੋਰੈਂਸ ਦੀ ਪੜਤਾਲ ਕਿ ਇਹ ਪਾਲਿਸੀ ਹੈਲਥ ਕੇਅਰ, ਹਸਪਤਾਲ ਦੇ ਖ਼ਰਚੇ ਅਤੇ ਵਾਪਸ ਭੇਜਣ ਦੇ ਖ਼ਰਚੇ ਕਵਰ ਕਰਦੀ ਹੈ ਕਿ ਨਹੀਂ, ਇਮੀਗਰੇਸ਼ਨ ਅਫ਼ਸਰ ਦੁਆਰਾ ਕੈਨੇਡਾ ਵਿਚ ਐਂਟਰੀ ਦੇਣ ਤੋ ਪਹਿਲਾਂ ਉਸ ਵੇਲੇ ਕੀਤੀ ਜਾਣੀ ਹੈ ਜਦੋਂ ਮਾਪਿਆਂ ਨੇ ਕੈਨੇਡਾ ਏਅਰਪੋਰਟ ਤੇ ਪਹੁੰਚਣਾ ਹੈ ਜੇ ਉਸ ਵੇਲੇ ਪਾਲਿਸੀ ਦੇ ਵਿਚ ਕੋਈ ਨੁਕਸ ਨਿਕਲ ਆਵੇ ਤਾਂ ਬਹੁਤ ਮੁਸ਼ਕਿਲ ਖੜੀ ਹੋ ਸਕਦੀ ਹੈ।ਕਈ ਵਾਰ ਅਸੀਂ ਸਸਤੇ ਰੇਟ ਲੈਣ ਦੇ ਚੱਕਰ ਵਿਚ ਗ਼ਲਤ ਪਾਲਿਸੀ ਲੈ ਬੈਠਦੇ ਹਾਂ। ਸਾਰੀਆਂ ਕੰਪਨੀਆਂ ਇਕ ਦੂਜੇ ਦੇ ਮੁਕਾਬਲੇ ਤੇ ਕੰਮ ਕਰਦੀਆਂ ਹਨ ਇਸ ਲਈ ਜੇ ਕਿਸੇ ਕੰਪਨੀ ਦੇ ਰੇਟ ਬਹੁਤ ਘੱਟ ਹਨ ਤਾਂ ਸਮਝੋ ਉਸ ਪਾਲਿਸੀ ਵਿਚ ਕੋਈ ਕਮੀ ਹੋਵੇਗੀ ਅਤੇ ਉਹ ਪਾਲਿਸੀ ਇਮੀਗਰੇਸ਼ਨ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੀ ਹੋਵੇਗੀ ।ਮਾਪਿਆਂ ਦੇ ਸੁਪਰ ਵੀਜ਼ੇ ਦੀ ਇਜਾਜ਼ਤ ਇਸ ਪਾਲਿਸੀ ਤੇ ਹੀ ਜ਼ਿਆਦਾ ਨਿਰਭਰ ਕਰਦੀ ਹੈ ਇਸ ਲਈ ਇਹ ਪਾਲਿਸੀ ਕਿਸੇ ਤਜਰਬੇਕਾਰ ਇੰਸ਼ੋਰੈਂਸ ਐਡਵਾਈਜ਼ਰ ਤੋ ਹੀ ਲੈਣੀ ਚਾਹੀਦੀ ਹੈ ਤਾਂਕਿ ਐਨ ਮੌਕੇ ਸਿਰ ਕੋਈ ਮੁਸ਼ਕਲ ਨਾ ਖੜੀ ਹੋ ਜਾਵੇ।

ਇਸ ਤਰਾਂ ਦੇ ਕੇਸ ਵੀ ਹੋ ਚੁੱਕੇ ਹਨ ਕਿ ਜਦ ਮਾਪੇ ਏਅਰਪੋਰਟ ਤੇ ਆਏ ਤਾਂ ਇਹ ਪਾਲਿਸੀ ਨਾ ਦਿਖਾ ਸਕੇ ਜਾਂ ਪਾਲਿਸੀ ਠੀਕ ਨਹੀਂ ਸੀ ਤਾਂ ਇਮੀਗਰੇਸ਼ਨ ਅਫ਼ਸਰ ਨੇ 5 ਸਾਲ ਦੀ ਵਜਾਏ ਇਹ ਵੀਜ਼ਾ ਸਿਰਫ਼ 6 ਮਹੀਨੇ ਦਾ ਹੀ ਲਾਇਆ ਅਤੇ ਹੁਣ ਇਹ ਸੁਪਰ ਵੀਜ਼ਾ ਨਾਂ ਰਹਿ ਕੇ ਇਕ ਆਮ ਵੀਜ਼ਾ ਬਣ ਗਿਆ ਅਤੇ ਹੁਣ ਮਾਪਿਆਂ ਨੂੰ 5 ਸਾਲ ਦੀ ਵਜਾਏ 6 ਮਹੀਨੇ ਬਾਅਦ ਹੀ ਵਾਪਸ ਜਾਣਾ ਪਵੇਗਾ।

ਇਸ ਸਬੰਧੀ ਕੋਈ ਵੀ ਹੋਰ ਜਾਣਕਾਰੀ ਲੈਣ ਲਈ ਜਾਂ ਹਰ ਤਰਾਂ ਦੀ ਇੰਸ਼ੋਰੈਂਸ ਜਿਵੇਂ ਕਾਰ,ਘਰ ਬਿਜ਼ਨੈੱਸ ਦੀ ਇੰਸ਼ੋਰੈਂਸ ਲਾਈਫ਼,ਡਿਸਬਿਲਟੀ,ਕਰੀਟੀਕਲ ਇਲਨੈਸ,ਵਿਜ਼ਟਰ ਜਾਂ ਸੁਪਰ ਵੀਜ਼ਾ ਇੰਸ਼ੋਰੈਂਸ ਜਾਂ ਆਰ ਆਰ ਐੱਸ ਪੀ ਜਾਂ ਆਰ ਈ ਐੱਸ ਪੀ ਦੀਆਂ ਸੇਵਾਵਾਂ ਇੱਕੋ ਹੀ ਜਗਾ ਤੋ ਲੈਣ ਲਈ ਤੁਸੀਂ ਮੈਨੂੰ 416-400-9997 ਤੇ ਕਾਲ ਕਰ ਸਕਦੇ ਹੋ।ਜੇ ਕਾਰ ਇੰਸ਼ੋਰੈਂਸ ਕਰਵਾਈ ਨੂੰ ਪੂਰਾ ਸਾਲ ਹੋ ਗਿਆ ਹੈ ਅਤੇ ਹੁਣ ਰੀਨੀਊਲ ਆ ਗਈ ਹੈ ਪਰ ਤਾਂ ਵੀ ਇੰਸ਼ੋਰੈਂਸ ਘੱਟ ਨਹੀਂ ਹੋਈ ਜਾਂ ਪਹਿਲਾਂ ਜੀ 2 ਲਾਇਸੈਂਸ ਲੈ ਕੇ ਇੰਸ਼ੋਰੈਂਸ ਲਈ ਸੀ ਹੁਣ ਜੀ ਲਾਇਸੈਂਸ ਲੈਣ ਤੇ ਵੀ ਘੱਟ ਨਹੀਂ ਹੋਈ ਤਾਂ ਮੇਰੇ ਨਾਲ ਜ਼ਰੂਰ ਸੰਪਰਕ ਕਰੋ।

# ਏਸ਼ੀਆ ਚ ਅਲੱਗ-ਥਲੱਗ ਪੈਣ ਦੇ ਡਰ ਕਾਰਨ ਟਰੰਪ ਨੇ ਨਿਭਾਈ ਵਿਚੋਲੇ ਦੀ ਭੂਮਿਕਾ

ਜਲੰਧਰ : ਜਦੋਂ ਡੋਨਾਲਡ ਟਰੰਪ ਨੇ ਪਿਛਲੇ ਸਾਲ ਨਵੰਬਰ ਵਿੱਚ ਚੋਣ ਜਿੱਤੀ ਸੀ ਤਾਂ ਆਪਣੀ ਜਿੱਤ ਤੋਂ ਬਾਅਦ ਉਨ੍ਹਾਂ ਨੇ ਕਿਹਾ ਸੀ ਕਿ ਅਮਰੀਕਾ ਦੁਨੀਆ ਲਈ ਪੁਲਸ ਵਾਲੇ ਦੀ ਭੂਮਿਕਾ ਨਹੀਂ ਨਿਭਾਏਗਾ ਅਤੇ ਅਮਰੀਕਾ ਦੀ ਆਰਥਿਕ ਸਥਿਤੀ ਅਤੇ ਵਿਦੇਸ਼ ਨੀਤੀ ਨੂੰ ਸੁਧਾਰਨਾ ਉਨ੍ਹਾਂ ਦੀ ਸਰਕਾਰ ਲਈ ਮਹੱਤਵਪੂਰਨ ਏਜੰਡੇ ਹੋਣਗੇ ਅਤੇ ਦੋ ਦਿਨ ਪਹਿਲਾਂ ਅਮਰੀਕੀ ਉਪ ਰਾਸ਼ਟਰਪਤੀ ਜੇਡੀ ਵੈਂਸ ਨੇ ਵੀ ਇਸੇ ਤਰ੍ਹਾਂ ਦੀ ਲਾਈਨ ਅਪਣਾਈ ਅਤੇ ਕਿਹਾ ਕਿ ਅਮਰੀਕਾ ਦਾ ਭਾਰਤ ਅਤੇ ਪਾਕਿਸਤਾਨ ਵਿਚਕਾਰ ਚੱਲ ਰਹੇ ਟਕਰਾਅ ਨਾਲ ਕੋਈ ਲੈਣਾ-ਦੇਣਾ ਨਹੀਂ ਹੈ ਅਤੇ ਦੋਵਾਂ ਦੇਸ਼ਾਂ ਨੂੰ ਇਸ ਸਮੱਸਿਆ ਦਾ ਹੱਲ ਖੁਦ ਲੱਭਣਾ ਚਾਹੀਦਾ ਹੈ ਪਰ ਆਪਣੇ ਬਿਆਨ ਦੇ ਦੋ ਦਿਨਾਂ ਦੇ ਅੰਦਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਟਰੂਥ ਸੋਸ਼ਲ' 'ਤੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗਬੰਦੀ ਦਾ ਐਲਾਨ ਕੀਤਾ ਅਤੇ ਸਮਝੌਤੇ ਦਾ ਸਿਹਰਾ ਵੀ ਖੁਦ ਲਿਆ।

ਅਜਿਹੀ ਸਥਿਤੀ ਵਿੱਚ ਸਵਾਲ ਇਹ ਉੱਠਦਾ ਹੈ ਕਿ ਡੋਨਾਲਡ ਟਰੰਪ ਦੋਵਾਂ ਦੇਸ਼ਾਂ ਵਿਚਕਾਰ ਵਿਚੋਲਗੀ ਕਰਨ ਲਈ ਕਿਉਂ ਸਹਿਮਤ ਹੋਏ? ਮਾਹਿਰਾਂ ਦਾ ਮੰਨਣਾ ਹੈ ਕਿ ਅਮਰੀਕਾ ਭਾਰਤ ਨੂੰ ਪੂਰੇ ਖੇਤਰ ਵਿੱਚ ਇੱਕ ਭਰੋਸੇਮੰਦ ਭਾਈਵਾਲ ਵਜੋਂ ਦੇਖਦਾ ਹੈ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਚਕਾਰ ਸਬੰਧ ਬਹੁਤ ਚੰਗੇ ਹਨ। ਭਾਰਤ ਤੋਂ ਇਲਾਵਾ ਇਸ ਪੂਰੇ ਖੇਤਰ ਵਿੱਚ ਇਸਦਾ ਕੋਈ ਮਜ਼ਬੂਤ ਸਾਥੀ ਨਹੀਂ ਹੈ। ਇਸਦਾ ਚੀਨ ਨਾਲ ਸਕੋਰ ਛੱਤੀਸਵਾਂ ਹੈ ਅਤੇ ਦੋਵਾਂ ਦੇਸ਼ਾਂ ਵਿਚਕਾਰ ਵਪਾਰ ਯੁੱਧ ਵੀ ਚੱਲ ਰਿਹਾ ਹੈ, ਜਦੋਂਕਿ ਅਮਰੀਕਾ ਨੇ ਰੂਸ ਵਿਰੁੱਧ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਗਾਈਆਂ ਹਨ।

ਅਜਿਹੀ ਸਥਿਤੀ ਵਿੱਚ ਜੇਕਰ ਭਾਰਤ ਵੀ ਇਸ ਖੇਤਰ ਵਿੱਚ ਜੰਗ ਵਿੱਚ ਸ਼ਾਮਲ ਹੋ ਜਾਂਦਾ ਤਾਂ ਇਹ ਅਮਰੀਕਾ ਦੇ ਇੱਕ ਭਰੋਸੇਮੰਦ ਸਾਥੀ ਨੂੰ ਗੁਆਉਣ ਵਰਗਾ ਹੁੰਦਾ ਅਤੇ ਉਸ ਨੂੰ ਇਸ ਪੂਰੇ ਖੇਤਰ ਵਿੱਚ ਕੋਈ ਵੱਡਾ ਸਹਿਯੋਗੀ ਨਾ ਮਿਲਦਾ। ਭਾਰਤ ਦਾ ਦੱਖਣੀ ਹਿੱਸਾ ਤਿੰਨ ਪਾਸਿਆਂ ਤੋਂ ਸਮੁੰਦਰ ਨਾਲ ਘਿਰਿਆ ਹੋਇਆ ਹੈ। ਪੱਛਮ ਵਿੱਚ ਅਰਬ ਸਾਗਰ, ਪੂਰਬ ਵਿੱਚ ਬੰਗਾਲ ਦੀ ਖਾੜੀ ਅਤੇ ਉੱਤਰ ਵਿੱਚ ਹਿੰਦ ਮਹਾਸਾਗਰ ਰਣਨੀਤਕ ਦ੍ਰਿਸ਼ਟੀਕੋਣ ਤੋਂ ਬਹੁਤ ਮਹੱਤਵਪੂਰਨ ਹਨ ਅਤੇ ਭਾਰਤ ਦੇ ਸਮਰਥਨ ਨਾਲ ਅਮਰੀਕਾ ਇਸ ਰਣਨੀਤਕ ਸਮਰੱਥਾ ਦੀ ਵਰਤੋਂ ਕਰ ਸਕਦਾ ਹੈ ਅਤੇ ਭਾਰਤ ਰਾਹੀਂ ਚੀਨ 'ਤੇ ਦਬਾਅ ਵੀ ਬਣਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਕਈ ਵੱਡੀਆਂ ਅਮਰੀਕੀ ਕੰਪਨੀਆਂ ਦਾ ਭਾਰਤ ਵਿੱਚ ਨਿਵੇਸ਼ ਹੈ, ਇਸ ਲਈ ਇਨ੍ਹਾਂ ਕੰਪਨੀਆਂ ਦੇ ਸੀਈਓ ਵੀ ਅਮਰੀਕੀ ਪ੍ਰਸ਼ਾਸਨ 'ਤੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਘਟਾਉਣ ਲਈ ਦਬਾਅ ਪਾ ਰਹੇ ਸਨ।

ਭਾਵੇਂ ਪਾਕਿਸਤਾਨ ਅਤੇ ਭਾਰਤ ਅਮਰੀਕੀ ਹਥਿਆਰਾਂ ਦੇ ਖਰੀਦਦਾਰ ਹਨ, ਪਰ ਅਮਰੀਕਾ ਵਿੱਚ ਹਥਿਆਰਾਂ ਦੀ ਵਿਕਰੀ ਦੀ ਪ੍ਰਕਿਰਿਆ ਬਹੁਤ ਲੰਬੀ ਹੈ ਅਤੇ ਕਿਸੇ ਵੀ ਦੇਸ਼ ਨੂੰ ਹਥਿਆਰ ਵੇਚਣ ਲਈ ਕਈ ਪੱਧਰਾਂ 'ਤੇ ਸੰਵਿਧਾਨਕ ਅਤੇ ਕਾਰਜਕਾਰੀ ਪ੍ਰਵਾਨਗੀ ਲੈਣੀ ਪੈਂਦੀ ਹੈ। ਅਜਿਹੀ ਸਥਿਤੀ ਵਿੱਚ ਟਰੰਪ ਨੂੰ ਹਥਿਆਰਾਂ ਦੀ ਵਿਕਰੀ ਤੋਂ ਕੋਈ ਤੁਰੰਤ ਲਾਭ ਨਹੀਂ ਦਿਖਾਈ ਦਿੱਤਾ, ਜਦੋਂਕਿ ਉਹ ਭਾਰਤ ਨਾਲ ਵਪਾਰ ਵਧਾਉਣ ਵਿੱਚ ਤੁਰੰਤ ਲਾਭ ਦੇਖਦੇ ਹਨ। ਇਹੀ ਕਾਰਨ ਸੀ ਕਿ ਅਮਰੀਕਾ ਨੂੰ ਭਾਰਤ ਅਤੇ ਪਾਕਿਸਤਾਨ ਵਿਚਕਾਰ ਸਮਝੌਤਾ ਕਰਨ ਲਈ ਮਜਬੂਰ ਹੋਣਾ ਪਿਆ।



### 30 ਸਾਲਾਂ ਤੋਂ ਜਾਰੀ ਹੈ ਭਾਰਤ-ਅਮਰੀਕਾ ਦੀ ਦੋਸਤੀ

ਪਿਛਲੇ ਤਿੰਨ ਦਹਾਕਿਆਂ ਵਿੱਚ ਭਾਰਤ ਪ੍ਰਤੀ ਅਮਰੀਕਾ ਦੀ ਸੋਚ ਵਿੱਚ ਵੱਡਾ ਬਦਲਾਅ ਆਇਆ ਹੈ। ਇਹ ਬਦਲਾਅ 1993 ਵਿੱਚ ਬਿਲ ਕਲਿੰਟਨ ਦੇ ਅਮਰੀਕਾ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਸ਼ੁਰੂ ਹੋਇਆ। ਉਹ 2001 ਤੱਕ ਅਮਰੀਕਾ ਦੇ ਰਾਸ਼ਟਰਪਤੀ ਰਹੇ ਅਤੇ ਉਨ੍ਹਾਂ ਦੇ ਕਾਰਜਕਾਲ ਦੌਰਾਨ ਹੀ ਭਾਰਤ ਅਤੇ ਅਮਰੀਕਾ ਵਿਚਕਾਰ ਨੇੜਤਾ ਸ਼ੁਰੂ ਹੋਈ। ਇਸ ਤੋਂ ਬਾਅਦ ਭਾਰਤ ਨੇ ਅਮਰੀਕਾ ਨਾਲ ਪ੍ਰਮਾਣੂ ਸਮਝੌਤਾ ਵੀ ਕੀਤਾ ਅਤੇ ਭਾਰਤ ਨੂੰ ਕਈ ਹੋਰ ਅੰਤਰਰਾਸ਼ਟਰੀ ਮੰਚਾਂ 'ਤੇ ਅਮਰੀਕਾ ਦਾ ਸਮਰਥਨ ਮਿਲਦਾ ਰਿਹਾ। ਭਾਵੇਂ ਅਮਰੀਕਾ ਦਾ ਪਾਕਿਸਤਾਨ ਪ੍ਰਤੀ ਰਵੱਈਆ ਨਰਮ ਰਿਹਾ ਹੈ, ਪਰ ਭਾਰਤ ਅਤੇ ਅਮਰੀਕਾ ਦੀ ਦੋਸਤੀ ਸਭ ਜਾਣਦੇ ਹਨ। ਪਿਛਲੇ 11 ਸਾਲਾਂ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕਾਰਜਕਾਲ ਦੌਰਾਨ ਭਾਰਤ ਅਤੇ ਅਮਰੀਕਾ ਨੇੜੇ ਆਏ ਹਨ, ਇਸ ਲਈ ਅਮਰੀਕਾ ਅੰਤਰਰਾਸ਼ਟਰੀ ਪੱਧਰ 'ਤੇ ਭਾਰਤ ਦੇ ਹਿੱਤਾਂ ਦਾ ਧਿਆਨ ਰੱਖਣ ਦੀ ਕੋਸ਼ਿਸ਼ ਕਰ ਰਿਹਾ ਹੈ।

# ਬਰਤਾਨੀਆ ਵੱਲੋਂ ਪਰਵਾਸੀਆਂ 'ਤੇ ਸਖ਼ਤੀ ਦੀ ਤਿਆਰੀ

ਲੰਡਨ-ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਅੱਜ ਨਵੇਂ ਨੀਤੀਗਤ ਉਪਾਅ ਦਾ ਐਲਾਨ ਕੀਤਾ ਜਿਸ 'ਚ ਨਾਗਰਿਕਤਾ ਦੇ ਚਾਹਵਾਨ ਪਰਵਾਸੀਆਂ ਲਈ ਉਡੀਕ ਦੀ ਮਿਆਦ ਪੰਜ ਸਾਲ ਤੋਂ ਵਧਾ ਦੇ 10 ਸਾਲ ਕਰਨਾ ਸ਼ਾਮਲ ਹੈ। ਇਸ ਕਦਮ ਦਾ ਮਕਸਦ ਅਗਲੇ ਪੰਜ ਸਾਲਾਂ ਅੰਦਰ ਪਰਵਾਸੀਆਂ ਦੀ ਗਿਣਤੀ 'ਚ ਜ਼ਿਕਰਯੋਗ ਕਮੀ ਲਿਆਉਣਾ ਹੈ। ਨਵੇਂ ਨਿਯਮਾਂ 'ਚ ਪਰਵਾਸੀਆਂ ਲਈ ਅੰਗਰੇਜ਼ੀ ਦੇ ਉੱਚ ਪੈਮਾਨੇ ਨੂੰ ਯਕੀਨੀ ਬਣਾਇਆ ਜਾ ਸਕਦਾ ਹੈ। ਇਸ ਨਾਲ ਭਾਰਤ ਸਮੇਤ ਹੋਰ ਮੁਲਕਾਂ ਦੇ ਪਰਵਾਸੀ ਪ੍ਰਭਾਵਿਤ ਹੋਣਗੇ।

ਲੇਬਰ ਪਾਰਟੀ ਦੀ ਸਰਕਾਰ ਵੱਲੋਂ ਪਰਵਾਸ ਬਾਰੇ ਲੰਮੇ ਸਮੇਂ ਤੋਂ ਉਡੀਕੇ ਜਾ ਰਹੇ ਵ੍ਹਾਈਟ ਪੇਪਰ ਨੂੰ ਸੰਸਦ 'ਚ ਪੇਸ਼ ਕੀਤੇ ਜਾਣ ਤੋਂ ਪਹਿਲਾਂ ਡਾਊਨਿੰਗ ਸਟਰੀਟ (ਪ੍ਰਧਾਨ ਮੰਤਰੀ ਦੀ ਰਿਹਾਇਸ਼) 'ਚ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਸਟਾਰਮਰ ਨੇ ਪਿਛਲੀ ਕੰਜ਼ਰਵੇਟਿਵ ਪਾਰਟੀ ਦੀ ਸਰਕਾਰ 'ਤੇ ਸਰਹੱਦਾਂ ਖੁੱਲ੍ਹੀਆਂ ਰੱਖ ਕੇ 'ਗੜਬੜੀ' ਕਰਨ ਦਾ ਦੋਸ਼ ਲਾਇਆ। ਸਟਾਰਮਰ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਅਜਿਹੀ ਸਖ਼ਤ ਪਰਵਾਸ ਨੀਤੀ ਬਣਾਏਗੀ ਜੋ 'ਕੰਟਰੋਲ ਹੇਠ, ਚੋਣਵੀਂ ਤੇ ਨਿਰਪੱਖ' ਹੋਵੇਗੀ। ਸਟਾਰਮਰ ਨੇ ਕਿਹਾ, 'ਇਸ ਯੋਜਨਾ ਦਾ ਮਤਲਬ ਹੈ ਕਿ ਪਰਵਾਸੀਆਂ



ਦੀ ਗਿਣਤੀ ਘਟੇਗੀ।' ਉਨ੍ਹਾਂ ਵ੍ਹਾਈਟ ਪੇਪਰ ਦਾ ਹਵਾਲਾ ਦਿੰਦਿਆਂ ਕਿਹਾ, 'ਪਰਵਾਸ ਪ੍ਰਣਾਲੀ ਦੇ ਹਰ ਖੇਤਰ ਨੂੰ ਸਖ਼ਤ ਕੀਤਾ ਜਾਵੇਗਾ ਤਾਂ ਜੋ ਸਾਡਾ ਕੰਟਰੋਲ ਵੱਧ ਹੋਵੇ। ਨਿਰਪੱਖ ਨਿਯਮਾਂ ਦਾ ਪਾਲਣ ਕੀਤਾ ਜਾਣਾ ਚਾਹੀਦਾ ਹੈ।' ਨਵੇਂ ਸਿਸਟਮ ਨਾਲ ਬਰਤਾਨੀਆ 'ਚ ਪੰਜ ਸਾਲ ਤੱਕ ਰਹਿਣ ਵਾਲੇ ਭਾਰਤੀਆਂ ਸਮੇਤ ਕਿਸੇ ਵੀ ਵਿਅਕਤੀ ਲਈ ਆਪਣੇ ਆਪ ਵਸਣ ਤੇ ਨਾਗਰਿਕਤਾ ਪ੍ਰਾਪਤ ਕਰਨ ਦੀ ਮੌਜੂਦਾ ਪ੍ਰਣਾਲੀ ਖ਼ਤਮ ਹੋ ਜਾਵੇਗੀ। ਇਸ ਦੀ ਥਾਂ ਪਰਵਾਸੀਆਂ ਨੂੰ ਸਥਾਈ ਰਿਹਾਇਸ਼ ਲਈ ਅਰਜ਼ੀ ਦੇਣ ਤੋਂ ਪਹਿਲਾਂ ਬਰਤਾਨੀਆ 'ਚ ਇੱਕ ਦਹਾਕਾ ਬਿਤਾਉਣਾ ਪਵੇਗਾ, ਜਦੋਂ ਤੱਕ ਕਿ ਉਹ 'ਅਰਥਚਾਰੇ ਤੇ ਸਮਾਜ 'ਚ ਅਸਲ ਤੇ ਸਥਾਈ ਯੋਗਦਾਨ' ਨਾ ਦਿਖਾ ਦੇਣ। ਇਸ ਨਵੇਂ ਢਾਂਚੇ ਤਹਿਤ ਬਰਤਾਨੀਆ ਦੇ ਅਰਥਚਾਰੇ 'ਚ ਯੋਗਦਾਨ ਪਾਉਣ ਵਾਲੇ 'ਬਹੁਤ ਹੁਨਰਮੰਦ ਤੇ ਵੱਧ ਯੋਗਦਾਨ ਦੇਣ ਵਾਲੇ' ਲੋਕਾਂ ਜਿਵੇਂ ਡਾਕਟਰ, ਨਰਸ, ਇੰਜਨੀਅਰ ਤੇ ਏਆਈ ਖੇਤਰ ਦੇ ਲੋਕਾਂ ਨੂੰ ਤੇਜ਼ੀ ਨਾਲ ਅੱਗੇ ਵਧਾਇਆ ਜਾਵੇਗਾ।

ਡਾਊਨਿੰਗ ਸਟਰੀਟ ਨੇ ਕਿਹਾ ਕਿ ਨਵੇਂ ਨਿਯਮ ਅੰਗਰੇਜ਼ੀ ਦੇ ਉੱਚ ਪੈਮਾਨੇ ਨੂੰ ਯਕੀਨੀ ਬਣਾਉਣ ਲਈ ਹਰ ਪਰਵਾਸ ਮਾਰਗ 'ਤੇ ਭਾਸ਼ਾ ਸਬੰਧੀ ਜ਼ਰੂਰਤਾਂ ਨੂੰ ਸਖ਼ਤ ਕਰਨਗੇ। ਪਹਿਲੀ ਵਾਰ ਇਹ ਨਿਯਮ ਵਿਦੇਸ਼ੀਆਂ ਦੇ ਸਾਰੇ ਬਾਲਗ ਆਸ਼ਰਿਤਾਂ 'ਤੇ ਵੀ ਲਾਗੂ ਹੋਵੇਗਾ, ਜਿਸ ਲਈ ਉਨ੍ਹਾਂ ਨੂੰ ਅੰਗਰੇਜ਼ੀ ਦੇ ਬੁਨਿਆਦੀ ਗਿਆਨ ਦਾ ਮੁਜ਼ਾਹਰਾ ਕਰਨਾ ਪਵੇਗਾ।

# ਯੂ.ਕੇ. ਦੇ ਸੰਸਦ ਚ ਗੂੰਜਿਆ 'ਆਪਰੇਸ਼ਨ ਸਿੰਦੂਰ' ਦਾ ਮੁੱਦਾ

ਲੰਡਨ- ਭਾਰਤ ਤੇ ਪਾਕਿਸਤਾਨ ਵਿਚਾਲੇ ਵਧੇ ਹੋਏ ਤਣਾਅ ਦਰਮਿਆਨ ਭਾਰਤ ਵੱਲੋਂ ਪਾਕਿਸਤਾਨ ਖ਼ਿਲਾਫ਼ ਚਲਾਇਆ ਗਿਆ 'ਆਪਰੇਸ਼ਨ ਸਿੰਦੂਰ' ਇਸ ਸਮੇਂ ਪੂਰੀ ਦੁਨੀਆ 'ਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

ਇਸ ਦੌਰਾਨ ਇਸ ਮੁੱਦੇ 'ਤੇ ਯੂ.ਕੇ. ਦੀ ਸੰਸਦ ਵਿੱਚ ਲੰਮੀ ਚਰਚਾ ਕੀਤੀ ਗਈ। ਚਰਚਾ ਦੌਰਾਨ ਵੱਖ-ਵੱਖ ਪਾਰਟੀਆਂ ਦੇ ਮੈਂਬਰਾਂ ਨੇ ਖੇਤਰ ਵਿੱਚ ਤਣਾਅ ਘਟਾਉਣ ਲਈ ਬ੍ਰਿਟੇਨ ਨੂੰ ਮਾਮਲੇ 'ਚ ਦਖ਼ਲ ਦੇਣ ਦੀ ਲੋੜ 'ਤੇ ਜ਼ੋਰ ਦਿੱਤਾ। ਜ਼ਿਕਰਯੋਗ ਹੈ ਕਿ ਭਾਰਤ ਨੇ 22 ਅਪ੍ਰੈਲ ਨੂੰ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ, ਜਿਸ 'ਚ 26 ਲੋਕਾਂ ਦੀ ਜਾਨ ਚਲੀ ਗਈ ਸੀ, ਦੇ ਜਵਾਬ ਵਿੱਚ ਮੰਗਲਵਾਰ ਦੇਰ ਰਾਤ 'ਆਪ੍ਰੇਸ਼ਨ ਸਿੰਦੂਰ' ਤਹਿਤ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀਓਕੇ) ਅਤੇ ਪਾਕਿਸਤਾਨ ਦੇ ਪੰਜਾਬ ਸੂਬੇ ਵਿੱਚ 9 ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ। ਇਸ ਮਾਮਲੇ 'ਤੇ ਚਰਚਾ ਕਰਦਿਆਂ ਬ੍ਰਿਟਿਸ਼ ਵਿਦੇਸ਼ ਸਕੱਤਰ ਹਾਮਿਸ਼ ਫਾਕਨਰ ਨੇ ਬੁੱਧਵਾਰ ਨੂੰ ਹਾਊਸ ਆਫ਼ ਕਾਮਨਜ਼ ਵਿੱਚ ਇੱਕ ਬਿਆਨ ਨਾਲ ਬਹਿਸ ਦੀ ਸ਼ੁਰੂਆਤ ਕੀਤੀ, ਜਿਸ ਵਿੱਚ ਪ੍ਰਧਾਨ ਮੰਤਰੀ ਕੀਰ ਸਟਾਰਮਰ ਦੁਆਰਾ ਕੂਟਨੀਤੀ ਅਤੇ ਗੱਲਬਾਤ ਦੀ ਮਹੱਤਤਾ 'ਤੇ ਪਹਿਲਾਂ ਦਿੱਤੇ ਗਏ ਬਿਆਨਾਂ ਨੂੰ ਦੁਹਰਾਇਆ ਗਿਆ।

ਉਸ ਨੇ ਦੇਸ਼ ਵਿੱਚ ਵੱਡੀ ਗਿਣਤੀ ਵਿੱਚ ਬ੍ਰਿਟਿਸ਼ ਭਾਰਤੀਆਂ ਅਤੇ ਬ੍ਰਿਟਿਸ਼ ਪਾਕਿਸਤਾਨੀਆਂ ਲਈ ਸੰਘਰਸ਼ ਦੇ ਬਹੁਤ ਹੀ "ਨਿੱਜੀ" ਪਹਿਲੂ ਬਾਰੇ ਵੀ ਚਿੰਤਾ ਪ੍ਰਗਟ ਕੀਤੀ। ਫਾਕਨਰ ਨੇ ਕਿਹਾ, "ਅਸੀਂ ਭਾਰਤ ਅਤੇ ਪਾਕਿਸਤਾਨ ਦੋਵਾਂ ਨੂੰ ਲਗਾਤਾਰ ਇਹ ਸੁਨੇਹਾ ਦੇਣਾ ਚਾਹੁੰਦੇ ਹਾਂ ਕਿ ਉਨ੍ਹਾਂ ਨੂੰ ਸੰਜਮ ਵਰਤਣਾ ਚਾਹੀਦਾ ਹੈ। ਉਨ੍ਹਾਂ ਨੂੰ ਜਲਦੀ, ਕੂਟਨੀਤਕ ਰਸਤਾ ਲੱਭਣ ਲਈ ਗੱਲਬਾਤ ਦਾ ਤਰੀਕਾ ਅਪਣਾਉਣਾ ਚਾਹੀਦਾ ਹੈ। ਯੂ.ਕੇ. ਦਾ ਦੋਵਾਂ ਦੇਸ਼ਾਂ ਨਾਲ ਨੇੜਲਾ ਅਤੇ ਵਿਲੱਖਣ ਰਿਸ਼ਤਾ ਹੈ।





















ਅਮਰੀਕਾ ਦੇ ਉਘੇ ਬਿਜ਼ਨਸਮੈਨ ਸਰਦਾਰ ਦਰਸ਼ਨ ਸਿੰਘ ਧਾਲੀਵਾਲ ਬੀਤੇ ਦਿਨੀਂ ਟਰਾਂਟੋ ਸਥਿੱਤ ਹਮਦਰਦ ਟੀ ਵੀ ਦੇ ਸਟੂਡੀਓ ਪਧਾਰੇ। ਉਪਰੋਕਤ ਤਸਵੀਰ ਵਿੱਚ ਉਹਨਾਂ ਦੇ ਨਾਲ ਹਮਦਰਦ ਦੇ ਸਰਦਾਰ ਅਮਰ ਸਿੰਘ ਭੁੱਲਰ, ਰਾਜ ਕੁਮਾਰ ਬਾਤਿਸ਼ ਤੇ ਮਨਜੀਤ ਸਿੰਘ ਸੰਧੂ ਖੜੇ ਦਿਖਾਈ ਦੇ ਰਹੇ ਹਨ।

# ਕੈਨੇਡਾ ਵਿਚ ਬੇਰੁਜ਼ਗਾਰਾਂ ਦੀ ਗਿਣਤੀ 16 ਲੱਖ ਪੁੱਜੀ

ਵਿਨੀਪੈਗ, 11 ਮਈ-ਕੈਨੇਡਾ ਵਿਚ 7,400 ਨਵੀਆਂ ਨੌਕਰੀਆਂ ਦੇਣ ਦੇ ਬਾਵਜੂਦ ਅਪਰੈਲ ਮਹੀਨੇ ਦੌਰਾਨ ਬੇਰੁਜ਼ਗਾਰੀ ਦਰ ਵਧ ਕੇ 6.9 ਫ਼ੀਸਦੀ ਹੋ ਗਈ ਹੈ ਜੋ ਨਵੰਬਰ ਤੋਂ ਬਾਅਦ ਸਿਖਰਲਾ ਪੱਧਰ ਦੱਸਿਆ ਜਾ ਰਿਹਾ ਹੈ। ਸਟੈਟਿਸਟਿਕਸ ਕੈਨੇਡਾ ਦੇ ਅੰਕੜਿਆਂ ਮੁਤਾਬਕ ਮੁਲਕ ਵਿਚ ਬੇਰੁਜ਼ਗਾਰਾਂ ਦੀ ਗਿਣਤੀ 16 ਲੱਖ ਦੇ ਨੇੜੇ ਪੁੱਜ ਗਈ ਹੈ। ਦੱਸ ਦੇਈਏ ਕਿ ਮਾਰਚ ਮਹੀਨੇ ਦੌਰਾਨ ਕੈਨੇਡੀਅਨ ਰੁਜ਼ਗਾਰ ਖੇਤਰ ਵਿਚੋਂ 32,600 ਨੌਕਰੀਆਂ ਖ਼ਤਮ ਹੋਈਆਂ ਅਤੇ ਅਪਰੈਲ ਮਹੀਨੇ ਦੌਰਾਨ ਬੇਰੁਜ਼ਗਾਰੀ ਦਰ ਅਸਮਾਨ ਚੜ੍ਹ ਗਈ।

ਅਪਰੈਲ ਦੌਰਾਨ ਆਰਜ਼ੀ ਤੌਰ 'ਤੇ ਰੁਜ਼ਗਾਰ ਤੋਂ ਵਿਹਲੇ ਜਾਂ ਕੰਮ ਦੀ ਭਾਲ ਕਰ ਰਹੇ ਲੋਕਾਂ ਦੀ ਗਿਣਤੀ 39 ਹਜ਼ਾਰ ਦਰਜ ਕੀਤੀ ਗਈ ਅਤੇ ਸਾਲਾਨਾ ਆਧਾਰ 'ਤੇ ਇਸ ਅੰਕੜੇ ਵਿਚ 1 ਲੱਖ 89 ਹਜ਼ਾਰ ਦਾ ਵਾਧਾ ਹੋਇਆ ਹੈ। ਜਿੱਥੇ ਅਪਰੈਲ ਦੌਰਾਨ 31 ਹਜ਼ਾਰ ਨੌਕਰੀਆਂ ਖ਼ਤਮ ਹੋਈਆਂ ਪਰ ਅਪਰੈਲ ਦੌਰਾਨ 7,400 ਨੌਕਰੀਆਂ ਪੈਦਾ ਵੀ ਹੋਈਆਂ ਹਨ। ਦੂਜੇ ਪਾਸੇ ਬੇਰੁਜ਼ਗਾਰਾਂ ਨੂੰ ਅਪਰੈਲ ਦੌਰਾਨ ਰੁਜ਼ਗਾਰ ਦੀ ਭਾਲ ਕਰਦਿਆਂ ਵਧੇਰੇ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਮਾਰਚ ਵਿਚ ਬੇਰੁਜ਼ਗਾਰ ਰਹੇ ਲੋਕਾਂ ਵਿਚੋਂ 61 ਫ਼ੀਸਦੀ ਅਪਰੈਲ ਦੌਰਾਨ ਵੀ ਵਿਹਲੇ ਹੀ ਰਹੇ ਅਤੇ ਪਿਛਲੇ ਸਾਲ ਦੇ ਮੁਕਾਬਲੇ ਇਹ ਅੰਕੜਾ ਚਾਰ ਫ਼ੀਸਦੀ ਵਧ ਬਣਦਾ ਹੈ।




# ਕੈਨੇਡਾ ਬਰੈਂਪਟਨ ਦੇ ਗੁਰਦੁਆਰਾ ਨਾਨਕਸਰ ਕਨੇਡੀ ਰੋਡ ਵਿਖੇ ਪੂਰਨਮਾਸ਼ੀ ਦਾ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ





ਬਰੈਂਪਟਨ 13 ਮਈ ( ਹਰਪ੍ਰੀਤ ਸਿੰਘ ਗਿੱਲ ਝੋਰੜਾਂ )- ਵਿਸ਼ਵ ਪ੍ਰਸਿੱਧ ਨਾਨਕਸਰ ਸਿਆੜ ਸੰਪਰਦਾਇ ਦੇ ਗੁਰਦੁਆਰਾ ਨਾਨਕਸਰ ਕੈਨੇਡੀ ਰੋਡ ਬਰੈਂਪਟਨ ਵਿਖੇ ਪੂਰਨਮਾਸ਼ੀ ਦਾ ਦਿਹਾੜਾ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਪੂਰਨਮਾਸੀ ਦੇ ਦਿਹਾੜੇ ਨੂੰ ਸਮਰਪਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਧਾਰਮਿਕ ਦੀਵਾਨ ਸਜਾਏ ਗਏ ਜਿਸ ਦੌਰਾਨ ਰਾਗੀ ਜਥਿਆ ਵੱਲੋ ਕਥਾ ਕੀਰਤਨੀਏ ਰਾਹੀ ਬਾਬਾ ਬਾਰਾ ਸਿੰਘ ਨਾਨਕਸਰ ਸਿਆੜ ਆਰਤੀ ਕੀਰਤਨ ਕੀਤਾ ਤੇ ਅਰਦਾਸ ਜਥੇਦਾਰ ਜਗਜੀਤ ਸਿੰਘ ਸਿਆੜ ਅਤੇ ਭੋਗਾ ਦੇ ਸਬਦ ਭਾਈ ਗੁਰਪ੍ਰੀਤ ਸਿੰਘ ਸਿਆੜ ਨੇ ਪੜੇ,ਇਸ ਸਮੇ ਨਾਲ ਭਾਈ ਧਰਮ ਸਿੰਘ, ਭਾਈ ਗੁਰਪਿੰਦਰ ਸਿੰਘ,ਭਾਈ ਗੁਰਪ੍ਰੀਤ ਸਿੰਘ ਗੋਪੀ,ਭਾਈ ਲਵਪ੍ਰੀਤ ਸਿੰਘ,ਭਾਈ ਬਲਜੀਤ ਸਿੰਘ , ਭਾਈ ਗੁਰਸਾਗਰ ਸਿੰਘ, ਮਨਦੀਪ ਸਿੰਘ, ਭਾਈ ਸਹਿਜਪਾਲ ਸਿੰਘ ਆਦਿ ਵੱਲੋ ਸਿੱਖ ਸੰਗਤਾ ਨੂੰ ਨਿਹਾਲ ਕੀਤਾ। ਪੂਰਨਮਾਸੀ ਦੇ ਦਿਹਾੜੇ ਨੂੰ ਸਮਰਪਿਤ ਸੇਵਾਦਾਰ ਅਤੇ ਬਰੈਂਪਟਨ ਦੀਆ ਵੱਡੀ ਗਿਣਤੀ ਵਿੱਚ ਸੰਗਤਾ ਵੱਲੋ ਰਲਮਿਲ ਕਿ ਇਠਿਆ ਪੰਜ ਬਾਣੀਆਂ ਦਾ ਜਾਪ ਕੀਤਾ ਗਈਆ। ਇਹ ਸਮਾਗਮ ਮੁੱਖ ਸੇਵਾਦਾਰ ਪ੍ਰਧਾਨ ਭਾਈ ਉਕਾਂਰ ਸਿੰਘ ਗਰੇਵਾਲ ਦੀ ਦੇਖ ਰੇਖ ਹੇਠ ਹੋਏ। ਇਸ ਮੌਕੇ ਭਾਈ ਲਖਵੀਰ ਸਿੰਘ ਚੜਿੱਕ, ਭਾਈ ਸਹਿਜਪਾਲ ਸਿੰਘ, ਭਾਈ ਬਲਜੀਤ ਸਿੰਘ, ਭਾਈ ਰਵਿੰਦਰ ਸਿੰਘ, ਭਾਈ ਇੰਦਰਜੀਤ ਸਿੰਘ, ਭਾਈ ਮਨਮੋਹਨ ਸਿੰਘ ਪਾਤੜਾਂ,ਭਾਈ ਹਰਦੀਪ ਸਿੰਘ, ਭਾਈ ਹੰਸਪਰੀਤ ਸਿੰਘ,ਹਰਪਾਲ ਸਿੰਘ ਪਾਲੀ,ਪ੍ਰਦੀਪ ਸਿੰਘ ਗਿੱਲ, ਬੂਟਾ ਸਿੰਘ ਗਿੱਲ ,ਦਰਸ਼ਨ ਸਿੰਘ, ਸੰਤੋਖ ਸਿੰਘ ਬੈਨੀਪਾਲ, ਹਰਪ੍ਰੀਤ ਸਿੰਘ ਸਿੱਧੂ, ਅਮਰ ਸਿੰਘ, ਸੁਖਵਿੰਦਰ ਸਿੰਘ,ਜਗਪਾਲ ਸਿੰਘ, ਗੁਰਪਾਲ ਸਿੰਘ, ਗੋਲਡੀ ,ਤਰਲੋਚਨ ਸਿੰਘ, ਕੇਵਲ ਸਿੰਘ, ਬਲਦੇਵ ਸਿੰਘ,ਚਰਨ ਸਿੰਘ, ਅਮਰਜੀਤ ਸਿੰਘ, ਜੋਗਿੰਦਰ ਸਿੰਘ,ਬਲਵਿੰਦਰ ਸਿੰਘ, ਹਰਪਾਲ ਸਿੰਘ, ਕਰਤਾਰ ਸਿੰਘ, ਲਵਪ੍ਰੀਤ, ਕਰਤਾਰ ਸਿੰਘ, ਗੁਰਚਰਨ ਸਿੰਘ, ਮਨਜੀਤ ਸਿੰਘ, ਧਰਮਜੀਤ ਸਿੰਘ, ਦਵਿੰਦਰ ਸਿੰਘ, ਸੰਤੋਖ ਸਿੰਘ,ਤਰਲੋਚਨ ਸਿੰਘ ਗਿੱਲ,ਕਿਰਪਾਲ ਸਿੰਘ ਰਾਮਗੜ੍ਹੀਆ ਆਦਿ ਹਾਜ਼ਰ ਸਨ। ਸਮਾਗਮ ਦੀ ਸਮਾਪਤੀ ਉਪਰੰਤ ਵੱਖ-ਵੱਖ ਪਦਾਰਥਾ ਦੇ ਲੰਗਰ ਅਤੁੱਟ ਵਰਤਾਇਆ ਗਿਆ।


















- We are expanding the Canadian Dental Care Plan (CDCP)
- Ages 55-64 Now Eligible
- Ages 18-54 Opening Soon
- 3.4 million Canadians approved under the program
- 98% of dental care providers giving care
- Better oral health results in a better quality of life
- Visit Canada.ca/dental or Service Canada Centre for eligibility criteria




- ਅਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ (CDCP) ਦਾ ਵਿਸਤਾਰ ਕਰ ਰਹੇ ਹਾਂ
- ਉਮਰ 55-64 ਹੁਣ ਯੋਗ
- ਉਮਰ 18-54 ਜਲਦੀ ਹੀ ਖੁੱਲ੍ਹ ਰਹੇ ਹਨ
- ਪ੍ਰੋਗਰਾਮ ਦੇ ਤਹਿਤ 3.4 ਮਿਲੀਅਨ ਕੈਨੇਡੀਅਨਾਂ ਨੂੰ ਮਨਜ਼ੂਰੀ ਦਿੱਤੀ ਜਾ ਰਹੀ ਹੈ
- ਦੰਦਾਂ ਦੀ ਦੇਖਭਾਲ ਕਰਨ ਵਾਲੇ 98% ਕਰ ਰਹੇ ਨੇ ਕੇਅਰ
- ਬਿਹਤਰ ਮੂੰਹ ਦੀ ਸਿਹਤ ਜੀਵਨ ਦੀ ਬਿਹਤਰ ਗੁਣਵੱਤਾ ਵਿੱਚ ਨਤੀਜਾ ਦਿੰਦੀ ਹੈ

ਯੋਗਤਾ ਮਾਪਦੰਡਾਂ ਲਈ Canada.ca/dental ਜਾਂ ਸਰਵਿਸ ਕੈਨੇਡਾ ਸੈਂਟਰ 'ਤੇ ਜਾਓ

Constituency Office 5 Montpelier Street, Suite 214, Brampton ON L6Y 6H4 Ph: 905.846-0076, Fax: 905.846-3901

soniasidhu.libparl.ca /soniasidhuliberal @sonialiberal @soniasidhu



# ਕਲਾਸੀਫਾਈਡ

ਹਮਦਰਦ ਅਖ਼ਬਾਰ ਜਾਂ HAMDARD TV 'ਚ ਆਪਣਾ ਇਸ਼ਤਿਹਾਰ ਜਾਂ ਕਲਾਸੀਫਾਈਡ ਦੇ ਕੇ ਪੂਰੀ ਦੁਨੀਆ ਤੱਕ ਪਹੁੰਚ ਕਰੋ

905-791-9999




# Classified



## ਕੰਨਿਆ ਦੀ ਲੋੜ

ਕੈਨੇਡੀਅਨ ਸ਼ਿਟੀਜ਼ਨ, ਰਾਮਗੜ੍ਹੀਆ ਧੀਮਾਨ, ਨਵੰਬਰ 1997 ਬੌਰਨ, ਕੱਦ 6'-4", ਹੈਂਡਸਮ, ਕਲੀਨਸ਼ੇਵਡ, ਨਸ਼ਿਆ ਤੋਂ ਰਹਿਤ, ਬਿਜ਼ਨੈਸ ਮੈਨੇਜਮੈਂਟ, ਡਿਪਲੋਮਾ ਹੋਲਡਰ, ਯੂ ਪੀ ਐਸ, ਉਨਟਾਰੀਓ ਵਿਚ ਮੈਨੇਜਰ ਦੀ ਵਧੀਆ ਜੌਬ ਕਰਦੇ ਲੜਕੇ ਲਈ ਕੈਨੇਡਾ/ਅਮਰੀਕਾ ਤੋਂ ਪੜ੍ਹੀ ਲਿਖੀ ਸੋਹਣੀ, ਪਰਿਵਾਰਕ, ਘੱਟੋ ਘੱਟ 5'-7" ਲੰਮੀਂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੈਨੇਡਾ 'ਚ ਵੈਲ ਸੈਟਲਡ ਹੈ। ਵਿਆਹ ਸਾਦਾ ਕੀਤਾ ਜਾਵੇਗਾ। ਸਟੂਡੈਂਟ/ਵਿਜ਼ਟਰ/ਵਰਕ ਪਰਮਿਟ ਤੇ ਕੈਨੇਡਾ ਆਈ ਲੜਕੀ ਤੇ ਵਿਚਾਰ ਕੀਤੀ ਜਾਵੇਗੀ। ਲੁਧਿਆਣਾ ਤੇ ਮਾਲਵੇ ਨੂੰ ਪਹਿਲ। ਮੈਰਿਜ ਬਿਊਰੋ ਵਾਲੇ ਮੁਆਫ ਕਰਨ।ਹੋਰ ਵਧੇਰੇ ਜਾਣਕਾਰੀ ਲਈ 1-431-277-3287 ਜਾਂ 1-204-619-9930 -1802

*****************

ਅਮਰੀਕਨ ਜੰਮਪਲ, ਜੱਟ ਸਿੱਖ ਗਿੱਲ, 1994 ਬੌਰਨ, ਕੱਦ 5'-10", ਪ੍ਰੋਫੈਸ਼ਨਲੀ ਕੁਆਲੀਫਾਈਡ, ਹਸਪਤਾਲ ਵਿਚ radiology ਟੈਕਨੀਸ਼ਨ ਦੀ ਵਧੀਆ ਜੌਬ ਕਰਦੇ ਹੈਂਡਸਮ, ਨਸ਼ਿਆ ਤੋਂ ਰਹਿਤ ਲੜਕੇ ਲਈ ਅਮਰੀਕਾ/ਕੈਨੇਡਾ ਤੋਂ ਪ੍ਰੋਫੈਸ਼ਨਲੀ ਕੁਆਲੀਫਾਈਡ ਸੋਹਣੀ, ਪਰਿਵਾਰਕ, ਅਮਰੀਕਾ ਦੀ ਜੰਮਪਲ ਜਾਂ ਛੋਟੀ ਹੁੰਦੀ ਅਮਰੀਕਾ ਆਈ ਲੜਕੀ ਦੀ ਲੋੜ ਹੈ। ਲੜਕੇ ਦੇ ਪਰਿਵਾਰ ਦਾ ਆਪਣਾ ਬਿਜ਼ਨੈਸ ਹੈ ਤੇ ਲੜਕਾ ਵੈਲ ਸੈਟਲਡ ਹੈ। ਮੈਰਿਜ ਬਿਊਰੋ ਵਾਲੇ ਭੁੱਲ ਕੇ ਵੀ ਫੋਨ ਨਾ ਕਰਨ। ਹੋਰ ਵਧੇਰੇ ਪੁੱਛਗਿੱਛ ਲਈ 1-906-420-3114 ਤੇ ਫੋਨ ਰਾਹੀਂ ਜਾਂ ਫਿਰ ਇਮੇਲ: rjkt2020@yahoo.com ਰਾਹੀਂ ਸੰਪਰਕ ਕਰ ਸਕਦੇ ਹਨ। -1802

*****************

ਜੱਟ ਸਿੱਖ 1994 ਬੌਰਨ, ਕੱਦ 5'-11" ਬੀ ਟੈਕ ਕਰਕੇ ਇੰਡੀਆ 'ਚ ਬਿਲਡਰ ਦੇ ਤੌਰ ਤੇ ਆਪਣੀ ਨਾਮਵਰ ਕੰਪਨੀ ਚਲਾ ਰਹੇ ਨਸ਼ਿਆ ਤੋਂ ਰਹਿਤ ਵੈਲ ਸੈਟਲਡ ਪਰਿਵਾਰ, ਮਾਤਾ ਪਿਤਾ ਸਰਕਾਰੀ ਨੌਕਰੀ ਤੋਂ ਰਿਟਾਇਰਡ, ਖਾਨਦਾਨੀ ਪਰਿਵਾਰ ਦੇ ਜੱਟ ਸਿੱਖ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਸ਼ਿਟੀਜ਼ਨ ਜਾਂ ਵਰਕ ਪਰਮਿਟ ਤੇ ਕੰਮ ਕਰਦੀ ਜੱਟ ਸਿੱਖ ਲੜਕੀ ਦੀ ਲੋੜ ਹੈ। ਲੜਕੇ ਦਾ ਵੱਡਾ ਭਰਾ ਕੈਨੇਡਾ 'ਚ ਵੈਲ ਸੈਟਲਡ ਹੈ। ਰਿਸ਼ਤਾ ਜੋੜਨ ਦੇ ਚਾਹਵਾਨ 1-778-674-8409 ਤੇ ਫੋਨ ਕੀਤਾ ਜਾ ਸਕਦਾ ਹੈ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ। -1802

*****************

ਕੈਨੇਡਾ 'ਚ ਵਰਕ ਪਰਮਿਟ ਤੇ ਆਏ, ਜੱਟ ਸਿੱਖ 1993 ਬੌਰਨ, ਕੱਦ 6 ਫੁੱਟ, ਇੰਡੀਆ ਤੋਂ ਗਰੈਜੂਏਟ,, ਜਰਮਨੀ ਤੋਂ ਮਾਸਟਰ ਡਿਗਰੀ ਹੋਲਡਰ, ਸੁਪਰਵਾਈਜ਼ਰ ਦੀ ਵਧੀਆ ਜੌਬ ਕਰਦੇ ਹੈਂਡਸਮ, ਨਸ਼ਿਆ ਤੋਂ ਰਹਿਤ ਲੜਕੇ ਲਈ ਕੈਨੇਡਾ ਤੋਂ ਪੜ੍ਹੀ ਲਿਖੀ, ਸੋਹਣੀ ਪਰਿਵਾਰਕ, ਸ਼ਿਟੀਜ਼ਨ, ਪੀ ਆਰ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ ਤੇ ਦੁਆਬੇ ਨਾਲ ਸਬੰਧਿਤ ਹੈ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ। ਹੋਰ ਵਧੇਰੇ ਪੁੱਛਗਿੱਛ ਲਈ 1-250-649-9989 ਤੇ ਫੋਨ ਕੀਤਾ ਜਾ ਸਕਦਾ ਹੈ। -1802

*****************

ਕੈਨੇਡੀਅਨ ਜੰਮਪਲ, 6 ਫੁੱਟ ਲੰਮੇ ਕੱਦ ਵਾਲੇ ਹੈਂਡਸਮ, 29 ਸਾਲਾ ਸੈਣੀ ਸਿੱਖ ਲੜਕਾ ਵਾਟਰਲੂ ਯੂਨੀਵਰਸਿਟੀ ਤੋਂ ਅਕਾਊਂਟਿੰਗ/ਫਾਈਨੈਂਸਿੰਗ ਅਤੇ ਸੀ ਪੀ ਏ ਦੀ ਡਿਗਰੀ ਕਰਕੇ ਕੈਨੇਡਾ ਦੀ ਮੇਜਰ ਬੈਂਕ ਨਾਲ ਸੀਨੀਅਰ ਫਾਈਨੈਂਸਿੰਗ ਅਨੈਲਾਸਿਸਟ ਦੀ ਟਰਾਂਟੋ 'ਚ ਜੌਬ ਕਰ ਰਹੇ, ਨਸ਼ਿਆ ਤੋਂ ਰਹਿਤ ਲੜਕੇ ਲਈ ਕੈਨੇਡੀਅਨ ਜੰਮਪਲ ਜਾਂ ਛੋਟੀ ਹੁੰਦੀ ਕੈਨੇਡਾ ਆਈ, ਬਰਾਬਰ ਦੀ ਯੋਗਤਾ ਵਾਲੀ ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ। ਪਰਿਵਾਰ ਕੈਨੇਡਾ 'ਚ ਵਧੀਆ ਸੈਟ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਕਿਰਪਾ ਕਰਕੇ ਫੋਨ ਕਰਨ ਦੀ ਕੋਸ਼ਿਸ਼ ਨਾ ਕਰਨ। ਰਿਸ਼ਤਾ ਜੋੜਨ ਲਈ 1-437-234-5952 ਤੇ ਫੋਨ ਜਾਂ ਮੈਸਿਜ ਕਰਕੇ ਸੰਪਰਕ ਕਰ ਸਕਦੇ ਹਨ। -1802

*****************

ਅਮਰੀਕਾ 'ਚ ਸਟੂਡੈਂਟ ਵੀਜ਼ੇ ਤੇ ਆਏ, ਜੱਟ ਸਿੱਖ ਗਿੱਲ, ਸਾਲ 2002 ਦੇ ਬੌਰਨ, ਕੱਦ 6 ਫੁੱਟ, ਹੈਂਡਸਮ, ਨਸ਼ਿਆ ਤੋਂ ਰਹਿਤ, ਬੈਚਲਰ ਆਫ ਕੰਪਿਊਟਰ ਸਾਇੰਸ ਪੜ੍ਹ ਰਹੇ ਲੜਕੇ ਲਈ ਅਮਰੀਕਾ/ਕੈਨੇਡਾ ਤੋਂ ਸ਼ਿਟੀਜ਼ਨ/ਪੀ ਆਰ/ਗਰੀਨ ਕਾਰਡ ਹੋਲਡਰ, ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਦਾ ਇੰਡੀਆ 'ਚ ਵਧੀਆ ਬਿਜ਼ਨੈਸ ਤੇ ਚੰਗੀ ਪ੍ਰਾਪਰਟੀ ਹੈ। ਇਕਲੌਤਾ ਲੜਕਾ ਆਪਣੇ ਅਮਰੀਕਾ 'ਚ ਰਿਸ਼ਤੇਦਾਰਾਂ ਨਾਲ ਰਹਿ ਰਿਹਾ ਹੈ। ਮੈਰਿਜ ਬਿਊਰੋ ਵਾਲਿਆਂ ਤੋਂ ਮੁਆਫੀ। ਹੋਰ ਵਧੇਰੇ ਜਾਣਕਾਰੀ ਲਈ ਅਮਰੀਕਾ 'ਚ 1-224-717-0793 ਤੇ ਜਾਂ ਫਿਰ ਇੰਡੀਆ ਵਟਸ ਅਪ ਤੇ +91-94633-40705 ਤੇ +91-98779-80028 ਤੇ ਫੋਨ ਕਰ ਸਕਦੇ ਹੋ। -1802

*****************

**Well settled Ramgarhia family living in Winnipeg from 17 yrs, seeking a well educated, career-driven, family oriented bride for their son, Canadian citizen, 34 yrs old, never married, 5'-10" tall, Cleanshaven, does business in Finance Industry. Caste no bar. Marriage Bureau please excuse.**

## ਕੰਨਿਆ ਦੀ ਲੋੜ

**Contact for more information: 1-204-510-7658** -1802

*****************

ਕੈਨੇਡੀਅਨ ਸ਼ਿਟੀਜ਼ਨ, ਕੈਨੇਡਾ ਦੀ ਯੂਨੀਵਰਸਿਟੀ ਤੋਂ ਗਰੈਜੂਏਟ, ਜੱਟ ਸਿੱਖ, ਸਤੰਬਰ 1990 'ਚ ਜਨਮੇਂ, ਕੱਦ 5'-11", ਵੈਨਕੂਵਰ ਦੇ ਇਲਾਕੇ 'ਚ ਨੌਕਰੀਸ਼ੁਦਾ, ਨਸ਼ਿਆ ਤੋਂ ਰਹਿਤ,ਇਕਲੌਤੇ ਪੁੱਤਰ ਲਈ ਨੌਰਥ ਅਮਰੀਕਾ ਤੋਂ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਪਰਿਵਾਰ ਕੈਨੇਡਾ ਤੇ ਇੰਡੀਆ ਵਿਚ ਵਧੀਆ ਤਰ੍ਹਾਂ ਸਥਾਪਿਤ ਹੈ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਹੋਰੇ ਜਾਣਕਾਰੀ ਅਤੇ ਫੋਟੋਆ ਸਾਂਝੀਆਂ ਕਰਨ ਲਈ ਵਟਸ ਅਪ ਨੰਬਰ 647-294-4196, 1-604-671-5813 ਤੇ ਫੋਨ ਕੀਤਾ ਜਾ ਸਕਦਾ ਹੈ। -1801

*****************

ਕੈਨੇਡੀਅਨ ਪੀ ਆਰ, ਜੱਟ ਸਿੱਖ, ਉਮਰ 27 ਸਾਲ, ਕੱਦ 6 ਫੁੱਟ, ਦਸਤਾਰਧਾਰੀ, ਕੈਨੇਡਾ ਤੋਂ ਯੂਨੀਵਰਸਿਟੀ ਗਰੈਜੂਏਟ, ਗਰੇਟਰ ਟਰਾਂਟੋ ਇਲਾਕੇ ਵਿਚ ਆਪਣਾ ਘਰ, ਅਮਰੀਕਨ ਕੰਪਨੀ ਵਿਚ ਡਿਜਾਇਨ ਇੰਜੀਨੀਅਰ, ਅੰਮ੍ਰਿਤਸਰ ਯੂਨੀਵਰਸਿਟੀ ਨੇੜੇ ਆਪਣਾ ਘਰ ਤੇ ਹੋਰ ਪੇਂਡੂ ਤੇ ਸ਼ਹਿਰੀ ਜਾਇਦਾਦ ਵਾਸਤੇ ਪ੍ਰੋਫੈਸ਼ਨਲੀ ਕੁਆਲੀਫਾਈਡ ਪੀ ਆਰ ਜਾਂ ਵਰਕ ਪਰਮਿਟ ਹੋਲਡਰ ਲੜਕੀ ਦੀ ਲੋੜ ਹੈ। ਗਰੇਟਰ ਟਰਾਂਟੋ ਇਲਾਕੇ ਵਿਚ ਰਹਿੰਦੀ ਜਾਂ ਮੂਵ ਹੋਣ ਦੀ ਚਾਹਵਾਨ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਮੈਰਿਜ ਬਿਊਰੋ ਵਾਲਿਆਂ ਤੋਂ ਮੁਆਫੀ। ਹੋਰ ਵਧੇਰੇ ਪੁੱਛਗਿੱਛ ਲਈ ਕੈਨੇਡਾ 'ਚ 647-783-9853 ਜਾਂ ਫਿਰ ਵਟਸ ਅਪ ਤੇ ਇੰਡੀਆਂ +91-82640-60235 ਤੇ ਫੋਨ ਕੀਤਾ ਜਾ ਸਕਦਾ ਹੈ। -1801

*****************

ਕੈਨੇਡੀਅਨ ਸ਼ਿਟੀਜ਼ਨ, ਛੋਟੇ ਹੁੰਦੇ ਕੈਨੇਡਾ ਆਏ ਜੱਟ ਸਿੱਖ ਬਰਾੜ, 1984 ਬੋਰਨ, ਕੱਦ 5'-8", ਪੜ੍ਹੇ ਲਿਖੇ, ਟਰੱਕਿੰਗ ਅਤੇ ਡਿਸਪੈਚਿੰਗ ਦਾ ਆਪਣਾ ਬਿਜਨੈਸ ਕਰਦੇ, ਹੈਂਡਸਮ, ਨਸ਼ਿਆ ਤੋਂ ਰਹਿਤ, ਬੇਕਸੂਰ ਤਲਾਕਸ਼ੁਦਾ, ਕੈਨੇਡਾ 'ਚ ਆਪਣਾ ਘਰ, ਇੰਡੀਆ 'ਚ ਕਾਫੀ ਪ੍ਰਾਪਰਟੀ ਦੇ ਮਾਲਕ ਲੜਕੇ ਲਈ ਕੈਨੇਡਾ/ਅਮਰੀਕਾ ਤੋਂ ਸ਼ਿਟੀਜ਼ਨ/ਪੀ ਆਰ/ਵਰਕ ਪਰਮਿਟ ਜਾਂ ਸਟੂਡੈਂਟ ਵੀਜ਼ਾ ਤੇ ਆਈ ਪੜ੍ਹੀ ਲਿਖੀ, ਸੋਹਣੀ ਪਰਿਵਾਰਕ ਲੜਕੀ ਦੀ ਲੋੜ ਹੈ। ਬਿਨਾਂ ਬੱਚੇ ਤੋਂ ਤਲਾਕਸ਼ੁਦਾ ਲੜਕੀ ਤੇ ਵੀ ਵਿਚਾਰ ਕੀਤੀ ਜਾਵੇਗੀ।ਮੈਰਿਜ ਬਿਊਰੋ ਵਾਲੇ ਭੁੱਲ ਕੇ ਵੀ ਫੋਨ ਨਾ ਕਰਨ। ਰਿਸ਼ਤਾ ਜੋੜਨ ਦੇ ਚਾਹਵਾਨ 437-240-7893 ਜਾਂ ਫਿਰ 647-606-3014 ਤੇ ਫੋਨ ਕੀਤਾ ਜਾ ਸਕਦਾ ਹੈ। -1801

*****************

ਕੈਨੇਡੀਅਨ ਸ਼ਿਟੀਜ਼ਨ, ਜੱਟ ਸਿੱਖ, 1989 ਦੇ ਬੋਰਨ, ਕੱਦ 5'-9", ਨਾਮਵਰ ਕੰਪਨੀ 'ਚ ਵਧੀਆ ਜੌਬ ਕਰ ਰਹੇ, ਨਸ਼ਿਆ ਤੋਂ ਰਹਿਤ, ਹੈਂਡਸਮ, ਬੇਕਸੂਰ, ਤਲਾਕਸ਼ੁਦਾ, ਆਪਣੇ ਵੈਲ ਸੈਟਲਡ ਪਰਿਵਾਰ ਨਾਲ ਰਹਿੰਦੇ ਲੜਕੇ ਲਈ ਕੈਨੇਡੀਅਨ ਸ਼ਿਟੀਜ਼ਨ/ਪੀ ਆਰ, ਜੱਟ ਸਿੱਖ, ਪਰਿਵਾਰਕ ਲੜਕੀ ਦੀ ਲੋੜ ਹੈ। ਮੈਰਿਜ ਬਿਊਰੋ ਵਾਲੇ ਤੇ ਇੰਡੀਆ ਤੋਂ ਲੜਕੀ ਵਾਲੇ ਫੋਨ ਨਾ ਕਰਨ।ਟਰਾਂਟੋ ਦੀ ਲੜਕੀ ਨੂੰ ਪਹਿਲ। ਹੋਰ ਵਧੇਰੇ ਪੁੱਛਗਿੱਛ ਲਈ 647-606-4452, ਵਟਸ ਅਪ ਤੇ ਫੋਟੋ ਤੇ ਬਾਇਓ ਡਾਟਾ ਭੇਜ ਕੇ ਫੋਨ ਕੀਤਾ ਜਾ ਸਕਦਾ ਹੈ। -1801

*****************

ਕੈਨੇਡੀਅਨ ਸ਼ਿਟੀਜ਼ਨ, ਰਾਮਗੜ੍ਹੀਆ ਸਿੱਖ, ਮਾਨ, 1992 ਬੌਰਨ, ਕੱਦ 5'-10", ਬਿਜ਼ਨੈਸ ਮੈਨੇਜਮੈਂਟ ਅਤੇ ਅਕਾਊਂਟਿੰਗ ਡਿਗਰੀ ਹੋਲਡਰ, ਸੇਲਜ ਮੈਨੇਜਰ ਦੀ ਵਧੀਆ ਜੌਬ ਕਰਦੇ ਹੈਂਡਸਮ ਲੜਕੇ ਲਈ ਕੈਨੇਡਾ ਅਮਰੀਕਾ ਤੋਂ ਪੜ੍ਹੀ ਲਿਖੀ, ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ।ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸਟੂਡੈਂਟ/ਵਿਜ਼ਟਰ/ਵਰਕ ਪਰਮਿਟ ਤੇ ਆਈ ਲੜਕੀ ਤੇ ਵੀ ਵਿਚਾਰ ਕੀਤੀ ਜਾਵੇਗੀ। ਲੜਕੇ ਦਾ ਪਰਿਵਾਰ ਅੰਬਾਲਾ ਨਾਲ ਸਬੰਧਿਤ ਹੈ ਤੇ ਕੈਨੇਡਾ 'ਚ ਵੈਲ ਸੈਟਲਡ ਹੈ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਵਧੇਰੇ ਜਾਣਕਾਰੀ ਲਈ 905-782-1650 ਤੇ ਫੋਨ ਕੀਤਾ ਜਾ ਸਕਦਾ ਹੈ। -1801

*****************

**Seeking Amritdhari (dastar wearing /ready to wear) and educated girl for issueless, innocent divorce Gursikh boy, well settled in the US. 1987 born, 5' -11" tall, MS degree holder, works as Engineering Manager. Green card petition approved in 2016. Homeowner in San Francisco, Bay Area, California since 2021. Please contact us at +91-98993-79442 (whatsapp) or email: cjsingh55@gmail.com** -1801

*****************

ਕੈਨੇਡੀਅਨ ਜੰਮਪਲ, ਕੰਬੋਜ ਸਿੱਖ, ਉਮਰ 26 ਸਾਲ, ਕੱਦ 5'-10" ਇਲੈਕਟ੍ਰੀਸ਼ਨ ਦੀ ਡਿਗਰੀ ਕਰਕੇ ਇਸੇ ਖੇਤਰ 'ਚ ਵੱਡੀ ਕੰਪਨੀ 'ਚ ਚੰਗੀ ਜੌਬ ਕਰ ਰਹੇ, ਸੋਹਣੇ-ਸੁਨੱਖੇ, ਨਸ਼ਿਆ ਤੋਂ ਰਹਿਤ ਮੁਹਾਲੀ 'ਚ ਆਲੀਸ਼ਾਨ ਕੋਠੀ ਦੇ ਮਾਲਕ, 30 ਕਿਲ੍ਹੇ ਜ਼ਮੀਨ, ਦੋ ਭਰਾਵਾਂ ਦੇ ਹਿੱਸੇ ਆਉਂਦੀ ਹੈ, ਕੈਨੇਡਾ 'ਚ ਵੈਲ ਸੈਟਲਡ ਪਰਿਵਾਰ ਦੇ ਲੜਕੇ ਲਈ ਪੜ੍ਹੀ ਲਿਖੀ, ਸੋਹਣੀ ਸੁਨੱਖੀ, ਪਰਿਵਾਰਕ, ਕੈਨੇਡਾ ਦੀ ਜੰਮਪਲ ਜਾਂ ਛੋਟੀ ਹੁੰਦੀ ਪਰਿਵਾਰ ਨਾਲ ਕੈਨੇਡਾ ਆਈ

## ਕੰਨਿਆ ਦੀ ਲੋੜ

ਜੱਟ ਸਿੱਖ ਜਾਂ ਕੰਬੋਜ ਪਰਿਵਾਰ ਦੀ ਲੜਕੀ ਦੀ ਲੋੜ ਹੈ।ਰਿਸ਼ਤਾ ਜੋੜਨ ਦੇ ਚਾਹਵਾਨ ਪਰਿਵਾਰ 1-604-446-1820 ਤੇ ਸੰਪਰਕ ਕਰ ਸਕਦੇ ਹਨ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ। ਕੈਨੇਡਾ 'ਚ ਵੈਨਕੂਵਰ ਤੇ ਪੰਜਾਬ ਤੇ ਚੰਡੀਗੜ੍ਹ ਤੇ ਪਟਿਆਲਾ ਸਬੰਧਿਤ ਪਰਿਵਾਰ ਨੂੰ ਪਹਿਲ ਦਿੱਤੀ ਜਾਵੇਗੀ। -1801

*****************

ਕੈਨੇਡੀਅਨ ਜੰਮਪਲ, ਜੱਟ ਸਿੱਖ ਬਰਾੜ, ਉਮਰ 31 ਸਾਲ, ਕੱਦ 6 ਫੁੱਟ, ਹੈਂਡਸਮ, ਨਸ਼ਿਆ ਤੋਂ ਰਹਿਤ, ਵਧੀਆ ਜੌਬ ਕਰਦੇ, ਆਪਣੇ ਵੈਲ ਸੈਟਲਡ ਪਰਿਵਾਰ ਨਾਲ ਰਹਿੰਦੇ ਲੜਕੇ ਲਈ ਕੈਨੇਡਾ/ਅਮਰੀਕਾ ਤੋਂ ਪੜ੍ਹੀ ਲਿਖੀ, ਸੋਹਣੀ, ਪਰਿਵਾਰਕ, ਘੱਟੋ ਘੱਟ 5'-4" ਲੰਮੀ ਲੜਕੀ ਦੀ ਲੋੜ ਹੈ। ਸਟੂਡੈਂਟ/ਵਿਜ਼ਟਰ/ਵਰਕ ਪਰਮਿਟ ਤੇ ਕੈਨੇਡਾ ਆਈ ਲੜਕੀ ਦੇ ਪਰਿਵਾਰ ਵੀ ਸੰਪਰਕ ਕਰ ਸਕਦੇ ਹਨ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਆਪਣੀ ਫੋਟੋ ਤੇ ਬਾਇਓ ਡਾਟਾ ਭੇਜ ਕੇ 1-604-818-5780 ਵਟਸਅਪ ਤੇ ਗੱਲਬਾਤ ਕੀਤੀ ਜਾ ਸਕਦੀ ਹੈ। -1800

*****************

ਕੈਨੇਡੀਅਨ ਜੰਮਪਲ, ਜੱਟ ਸਿੱਖ ਗਿੱਲ, ਉਮਰ 30 ਸਾਲ, ਕੱਦ 5'-11", ਇਲੈਕਟ੍ਰੋਨਿਕ ਇੰਜਨੀਅਰ ਡਿਗਰੀ ਹੋਲਡਰ, ਵੱਡੀ ਕੰਪਨੀ ਵਿਚ ਇੰਜਨੀਅਰ ਦੀ ਵਧੀਆ ਜੌਬ ਕਰਦੇ ਹੈਂਡਸਮ, ਨਸ਼ਿਆ ਤੋਂ ਰਹਿਤ ਲੜਕੇ ਲਈ ਕੈਨੇਡੀਅਨ ਜੰਮਪਲ ਜਾਂ ਛੋਟੀ ਹੁੰਦੀ ਆਈ ਬਰਾਬਰ ਦੀ ਯੋਗਤਾ ਵਾਲੀ ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਕੈਨੇਡਾ 'ਚ ਵੈਲ ਸੈਟਲਡ ਹੈ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ। ਰਿਸ਼ਤਾ ਜੋੜਨ ਲਈ 1-604-671-3883 ਤੇ ਫੋਨ ਕੀਤਾ ਜਾ ਸਕਦਾ ਹੈ। -1800

*****************

ਅਮਰੀਕਨ ਜੰਮਪਲ, ਜੱਟ ਸਿੱਖ, ਉਮਰ 30 ਸਾਲ, ਕੱਦ 6'-1", ਟੌਪ ਅਮਰੀਕਨ ਯੂਨੀਵਰਸਿਟੀ ਤੋਂ ਮਾਸਟਰ ਡਿਗਰੀ ਹੋਲਡਰ, ਸਿਆਟਲ (ਅਮਰੀਕਾ) 'ਚ ਸੌਫਟਵੇਅਰ ਇੰਜਨੀਅਰ ਟੈਕਨੌਲਜੀ ਦੀ ਵੱਡੀ ਕੰਪਨੀ ਵਿਚ ਵੱਡੀ ਪੋਜੀਸ਼ਨ ਦੀ ਜੌਬ ਕਰਦੇ ਚੰਗੀ ਪਰਸਨੈਲਟੀ ਦੇ ਮਾਲਕ, ਨਸ਼ਿਆ ਤੋਂ ਰਹਿਤ, ਵੈਲ ਐਜੂਕੇਟਿਡ, ਇੰਡੀਆ 'ਚ ਕਾਫੀ ਪ੍ਰਾਪਰਟੀ ਦੇ ਮਾਲਕ ਲੜਕੇ ਲਈ ਕੈਨੇਡੀਅਨ ਜਾਂ ਅਮਰੀਕਨ ਜੱਟ ਸਿੱਖ, ਪੜ੍ਹੀ ਲਿਖੀ, ਸੋਹਣੀ, ਪਰਿਵਾਰਕ, ਯੋਗ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਪਿਛਲੇ 35 ਸਾਲਾਂ ਤੋਂ ਅਮਰੀਕਾ ਵਿਚ ਵੈਲ ਸੈਟਲਡ ਹੈ। ਸਟੂਡੈਂਟ/ਵਿਜ਼ਟਰ ਜਾਂ ਵਰਕ ਪਰਮਿਟ ਤੇ ਅਮਰੀਕਾ ਆਈ ਲੜਕੀ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਹੋਰ ਵਧੇਰੇ ਜਾਣਕਾਰੀ ਲਈ ਅਮਰੀਕਾ 'ਚ 1-206-856-5391 ਤੇ ਫੋਨ ਕੀਤਾ ਜਾ ਸਕਦਾ ਹੈ। -1800

*****************

ਕੈਨੇਡੀਅਨ ਪੀ ਆਰ, ਜੱਟ ਸਿੱਖ, ਉਮਰ 27 ਸਾਲ, ਕੱਦ 5'-10", ਵੈਲ ਸੈਟਲਡ, ਹੈਂਡਸਮ, ਨਸ਼ਿਆ ਤੋਂ ਰਹਿਤ, ਜਿਲ੍ਹਾ ਮੋਗਾ ਨਾਲ ਸਬੰਧਿਤ ਲੜਕੇ ਲਈ ਜੱਟ ਸਿੱਖ, ਪੀ ਆਰ, ਸੋਹਣੀ-ਸੁਨੱਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ। ਹੋਰ ਵਧੇਰੇ ਪੁੱਛਗਿੱਛ ਲਈ 1-705-985-2738 ਤੇ ਸੰਪਰਕ ਕੀਤਾ ਜਾ ਸਕਦਾ ਹੈ। -1800

*****************

ਜੱਟ ਸਿੱਖ ਗਿੱਲ, ਉਮਰ 28 ਸਾਲ, ਕੱਦ 5'-11", ਬੈਚੂਲਰ ਡਿਗਰੀ ਹੋਲਡਰ, ਵਧੀਆ ਜੌਬ ਕਰਦੇ ਹੈਂਡਸਮ, ਨਸ਼ਿਆ ਤੋਂ ਰਹਿਤ, 6 ਕਿਲ੍ਹੇ ਜ਼ਮੀਨ ਤੇ ਕੋਠੀ ਦੇ ਮਾਲਕ ਲੜਕੇ ਲਈ ਕੈਨੇਡਾ/ਅਮਰੀਕਾ ਤੋਂ ਸ਼ਿਟੀਜ਼ਨ/ਪੀ ਆਰ/ਗਰੀਨ ਕਾਰਡ ਹੋਲਡਰ, ਪੜ੍ਹੀ ਲਿਖੀ, ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੈਨੇਡਾ/ਅਮਰੀਕਾ ਵਿਚ ਵੈਲ ਸੈਟਲਡ ਹੈ। ਮੈਰਿਜ ਬਿਊਰੋ ਵਾਲੇ ਭੁੱਲ ਕੇ ਵੀ ਫੋਨ ਨਾ ਕਰਨ। ਹੋਰ ਵਧੇਰੇ ਪੁੱਛਗਿੱਛ ਲਈਸੰਪਰਕ ਕਰੋ: 1-937-760-8428 ਜਾਂ 1-236-332-8622 -1800

*****************

ਕੈਨੇਡੀਅਨ ਸ਼ਿਟੀਜ਼ਨ, ਪੰਜਾਬੀ ਸਿੱਖ, ਦਸੰਬਰ 1997 ਬੌਰਨ, ਕੱਦ 5'-8", ਹੈਂਡਸਮ, ਪੜ੍ਹੇ ਲਿਖੇ, ਆਪਣਾ ਰੀਅਲ ਅਸਟੇਟ ਤੇ ਲਗਜਰੀ ਹੋਮ ਡਿਵੈਲਪਰ ਦਾ ਬਿਜ਼ਨੈਸ ਕਰਦੇ ਤੇ ਨਾਲੋਂ ਨਾਲ ਫੈਮਿਲੀ ਬਿਜ਼ਨੈਸ ਸੰਭਾਲਦੇ ਤੇ ਸਲਾਨਾ 10 ਲੱਖ ਡਾਲਰ ਤੋਂ ਵੱਧ ਕਮਾਉਂਦੇ ਤੇ ਕਈ ਪ੍ਰਾਪਰਟੀ ਦੇ ਮਾਲਕ ਇਕਲੌਤੇ ਲੜਕੇ ਲਈ ਕੈਨੇਡਾ ਜਾਂ ਅਮਰੀਕਾ ਤੋਂ ਪ੍ਰੋਫੈਸ਼ਨਲੀ ਕੁਆਲੀਫਾਈਡ ਸੋਹਣੀ-ਸੁਨੱਖੀ ਪਰਿਵਾਰਕ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਮੈਰਿਜ ਬਿਊਰੋ ਵਾਲਿਆਂ ਤੋਂ ਮੁਆਫੀ। ਰਿਸ਼ਤਾ ਜੋੜਨ ਲਈ 647-998-5837 ਤੇ ਫੋਨ ਕੀਤਾ ਜਾ ਸਕਦਾ ਹੈ। -1800

## ਜੀਵਨ ਸਾਥਣ ਦੀ ਲੋੜ

ਅਮਰੀਕਨ ਸ਼ਿਟੀਜ਼ਨ, ਕ੍ਰਿਸ਼ਚੀਅਨ ਪੰਜਾਬੀ , ਉਮਰ 68 ਸਾਲ, ਕੱਦ 5'-11", ਪੜ੍ਹੇ ਲਿਖੇ, ਫਾਈਨੈਂਸ਼ੀਅਲ ਵੈਲ ਸੈਟਲਡ, ਨਸ਼ਿਆ ਤੋਂ ਰਹਿਤ, ਵਿਧੁਰ ਵਿਅਕਤੀ ਲਈ ਜਿਸ ਦੇ ਦੋ ਬੇਟੇ ਹਨ ਜੋ ਵੈਲ ਸੈਟਲਡ ਹਨ, ਲਈ ਕੈਨੇਡਾ ਜਾਂ ਅਮਰੀਕਾ ਤੋਂ ਪਰਿਵਾਰਕ, ਘੱਟੋ ਘੱਟ 50+ ਤੋਂ ਵੱਧ ਉਮਰ ਵਾਲੀ ਜੀਵਨ ਸਾਥਣ ਦੀ ਲੋੜ ਹੈ।ਬਿਨਾਂ ਬੱਚੇ ਤੋਂ ਤਲਾਕਸ਼ੁਦਾ ਜਾਂ ਵਿਧਵਾ ਤੇ ਵੀ ਵਿਚਾਰ ਕੀਤੀ ਜਾਵੇਗੀ। ਜਾਤ ਪਾਤ ਦਾ ਕੋਈ ਬੰਧਨ ਨਹੀਂ। ਮੈਰਿਜ ਬਿਊਰੋ ਮੁਆਫ ਕਰਨ। ਹੋਰ ਵਧੇਰੇ ਪੁੱਛਗਿੱਛ 1-480-678-2153 ਤੇ ਫੋਨ ਕੀਤਾ ਜਾ ਸਕਦਾ ਹੈ। -1800

## ਕੰਨਿਆ ਦੀ ਲੋੜ

*****************

ਕੈਨੇਡੀਅਨ ਪੀ ਆਰ, ਜੱਟ ਸਿੱਖ ਉਪਲ, ਉਮਰ 27 ਸਾਲ, ਕੱਦ 6'-4", ਬਿਜ਼ਨੈਸ ਮਾਰਕਿਟਿੰਗ ਡਿਪਲੋਮਾ ਹੋਲਡਰ, ਟ੍ਰੱਕਿੰਗ ਦੀ ਵਧੀਆ ਜੌਬ ਕਰਦੇ, ਹੈਂਡਸਮ, ਨਸ਼ਿਆ ਤੋਂ ਰਹਿਤ ਵੈਲ ਸੈਟਲਡ ਲੜਕੇ ਲਈ ਕੈਨੇਡਾ/ਅਮਰੀਕਾ/ਇੰਡੀਆ ਤੋਂ ਪੜ੍ਹੀ ਲਿਖੀ, ਸੋਹਣੀ, ਪਰਵਾਰਕ, ਜੌਬ ਕਰਦੀ ਘੱਟੋ ਘੱਟ 5'-7" ਕੱਦ ਵਾਲੀ ਲੜਕੀ ਦੀ ਲੋੜ ਹੈ। ਸਟੂਡੈਂਟ/ਵਿਜ਼ਟਰ ਜਾਂ ਵਰਕ ਪਰਮਿਟ ਤੇ ਆਈ ਲੜਕੀ ਤੇ ਵੀ ਵਿਚਾਰ ਕੀਤੀ ਜਾਵੇਗੀ। ਲੜਕੇ ਦਾ ਪਰਿਵਾਰ ਵੈਲ ਸੈਟਲਡ ਹੈ। ਮਾਝੇ ਇਲਾਕੇ ਅਤੇ ਕੈਨੇਡੀਅਨ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਹੋਰ ਜਾਣਕਾਰੀ ਲਈ ਕਾਲ ਕਰੋ: 647-625-0009 -1799

*****************

ਇੰਡੀਆ ਰਹਿੰਦੇ ਹਿੰਦੂ ਪੰਜਾਬੀ ਅਰੋੜਾ, ਉਮਰ 32 ਸਾਲ, ਕੱਦ 5'-5", ਆਈ ਟੀ ਆਈ ਦਾ 2 ਸਾਲਾ ਡਿਪਲੋਮਾ, ਆਪਣਾ ਬਿਜ਼ਨਸ ਕਰਦੇ, ਹੈਂਡਸਮ, ਨਸ਼ਿਆ ਤੋਂ ਰਹਿਤ ਲੜਕੇ ਲਈ ਕੈਨੇਡਾ/ਅਮਰੀਕਾ ਤੋਂ ਪੜ੍ਹੀ ਲਿਖੀ, ਪਰਿਵਾਰਕ, ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ। ਸਟੂਡੈਂਟ/ਵਿਜ਼ਟਰ/ਵਰਕ ਪਰਮਿਟ ਤੇ ਆਈ ਲੜਕੀ ਤੇ ਵੀ ਵਿਚਾਰ ਕੀਤੀ ਜਾਵੇਗੀ ਅਤੇ ਪੀ ਆਰ ਲੈਣ ਵਿੱਚ ਵੀ ਮਦਦ ਕੀਤੀ ਜਾ ਸਕਦੀ ਹੈ। ਨੈਨੀ ਤੇ ਕੇਅਰਗਿਵਰ ਦੇ ਤਜ਼ਰਬੇ ਵਾਲੀ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਹੋਰ ਜਾਣਕਾਰੀ ਲਈ ਕਾਲ ਕਰੋ:1-639-916-0592, +91-97796-22058 -1799

*****************

ਕੈਨੇਡਾ 'ਚ ਵਰਕ ਪਰਮਿਟ ਤੇ ਆਏ, ਪੀ ਆਰ ਅਪਲਾਈਡ ਸਟੇਟਸ, ਮਜ਼ਬੀ ਸਿੱਖ, ਉਮਰ 29 ਸਾਲ, ਕੱਦ 5'-8", ਮਕੈਨਿਕਲ ਇੰਜੀਨੀਅਰਿੰਗ ਡਿਗਰੀ ਹੋਲਡਰ, ਆਈ ਟੀ ਫੀਲਡ ਦੀ ਵਧੀਆ ਜੌਬ ਕਰਦੇ, ਨਸ਼ਿਆ ਤੋਂ ਰਹਿਤ ਲੜਕੇ ਲਈ ਕੈਨੇਡਾ ਤੋਂ ਪੜ੍ਹੀ ਲਿਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਕੈਨੇਡਾ'ਚ ਵੈਲ ਸੈਟਲਡ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਸੰਪਰਕ ਕਰਨ ਲਈ ਫੋਨ: 647-525-8547, 1-604-991-8147 -1799

*****************

ਕੈਨੇਡਾ 'ਚ ਵਰਕ ਪਰਮਿਟ ਤੇ ਆਏ, ਪੀ ਆਰ ਅਪਲਾਈਡ ਸਟੇਟਸ, ਸੈਣੀ ਸਿੱਖ, ਜੂਨ 1998 ਬੌਰਨ, ਕੱਦ 6', ਬੀ ਟੈਕ ਇਨ ਮਕੈਨਿਕਲ ਇੰਜੀਨੀਅਰਿੰਗ, 2 ਪੋਸਟ ਗਰੈਜੂਏਟ ਡਿਪਲੋਮਾ - ਪ੍ਰੋਜੈਕਟ ਮੈਨੇਜਮੈਂਟ ਅਤੇ ਮੈਨਯੂਫੈਕਚਰਿੰਗ ਮੈਨੇਜਮੈਂਟ ਵਿੱਚ, ਵੱਡੀ ਕੰਪਨੀ'ਚ ਐਕਜ਼ੀਕਯੂਟਿਵ ਕੋਔਰਡੀਨੇਟਰ ਦੀ ਵਧੀਆ ਜੋਬ ਕਰਦੇ, ਹੈਂਡਸਮ, ਨਸ਼ਿਆ ਤੋਂ ਰਹਿਤ ਲੜਕੇ ਲਈ ਕੈਨੇਡਾ/ਅਮਰੀਕਾ/ਇੰਡੀਆ ਤੋਂ ਪ੍ਰੋਫੈਸ਼ਨਲੀ ਕੁਆਲੀਫਾਈਡ ਇਨ ਆਈ ਟੀ/ਇੰਜੀਨੀਅਰਿੰਗ, ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਲੜਕੇ ਦੀ ਭੈਣ ਤੇ ਭਰਾ ਕੈਨੇਡਾ'ਚ ਵੈਲ ਸੈਟਲਡ ਹਨ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਸੰਪਰਕ ਕਰਨ ਲਈ ਵਾਟਸਅਪ: +91-98100-39737, +91-92120-74761 -1799

*****************

**Canadian well settled Punjabi Hindu Khatri family based in Vancouver Canada, seeking a suitable match for their handsome son, Canadian citizen, Indian born, raised in Canada, Nov. 1993 born, 5'7" tall, Resident doctor, Family medicine residency in USA. Looking for a well educated girl, Canadian/USA based, citizen/PR, who values both career & family. Caste no bar. No Marriage bureau please. Contact: 1-778-318-2344.** -1799

*****************

ਕੈਨੇਡੀਅਨ ਸ਼ਿਟੀਜ਼ਨ, ਜੱਟ ਸਿੱਖ ਧਾਲੀਵਾਲ, ਉਮਰ 32 ਸਾਲ, ਕੱਦ 5'-8", ਪੜ੍ਹੇ ਲਿਖੇ, ਆਪਣਾ ਕਨਸਟ੍ਰੱਕਸ਼ਨ ਦਾ ਵਧੀਆ ਬਿਜ਼ਨਸ ਕਰਦੇ, ਹੈਂਡਸਮ, ਤਲਾਕਸ਼ੁਦਾ (ਇੱਕ 6 ਸਾਲ ਦਾ ਬੇਟਾ ਨਾਲ ਹੈ) ਲੜਕੇ ਲਈ ਕੈਨੇਡਾ/ਅਮਰੀਕਾ ਤੋਂ ਪੜ੍ਹੀ ਲਿਖੀ, ਸੋਹਣੀ, ਪਰਿਵਾਰ ਨਾਲ ਰਹਿਣ ਦੀ ਚਾਹਵਾਨ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਕੈਲਗਰੀ, ਕੈਨੇਡਾ ਵਿਚ ਵੈਲ ਸੈਟਲਡ ਹੈ। ਤਲਾਕਸ਼ੁਦਾ ਲੜਕੀ ਅਤੇ ਸਟੂਡੈਂਟ/ਵਿਜ਼ਟਰ/ਵਰਕ ਪਰਮਿਟ ਤੇ ਆਈ ਲੜਕੀ ਤੇ ਵੀ ਵਿਚਾਰ ਕੀਤੀ ਜਾਵੇਗੀ। ਮਾਲਵੇ ਨੂੰ ਪਹਿਲ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ। ਸੰਪਰਕ ਕਰਨ ਲਈ ਫੋਨ: 1-587-719-9599, 1-403-971-9085 -1799

*****************

## ਵਰ ਦੀ ਲੋੜ

**Well settled Saini Sikh parents seek a suitable match for their daughter, US citizen, 1994 born, 5'-7" tall, beautiful, hardworking girl, B.Sc., Working as a Technical Sales Specialist. Boy must be Saini, equally qualified, handsome, drug-free and hardworking from the Doaba region. USA boys will be given priority but will consider someone from Canada. Serious inquiries only. No marriage bureaus, please. Send biodata & pictures to email: thesainifamily01@gmail.com or contact: +1-315-807-2450** -1802

*****************

ਰਾਮਗੜ੍ਹੀਆ ਸਿੱਖ, 1992 ਬੌਰਨ, ਕੱਦ 5'-3", ਬੀ ਐਸ ਸੀ, ਨਰਸਿੰਗ ਕਰਕੇ ਚੰਡੀਗੜ੍ਹ ਦੇ ਸਰਕਾਰੀ ਹਸਪਤਾਲ 'ਚ ਰਜਿਸਟਰਡ ਨਰਸ ਦੀ ਵਧੀਆ ਜੌਬ ਕਰਦੀ, ਸੋਹਣੀ, ਸੁਨੱਖੀ, ਪਰਿਵਾਰਕ ਲੜਕੀ ਲਈ ਕੈਨੇਡਾ/ਅਮਰੀਕਾ ਜਾਂ ਆਸਟ੍ਰੇਲੀਆ ਤੋਂ ਪੜ੍ਹੇ ਲਿਖੇ ਨਸ਼ਿਆ ਤੋਂ ਰਹਿਤ, ਸ਼ਿਟੀਜ਼ਨ ਜਾਂ ਪੀ ਆਰ ਲੜਕੇ ਦੀ ਲੋੜ ਹੈ। ਇੰਡੀਆ ਤੋਂ ਵੀ ਪ੍ਰੋਫੈਸ਼ਨਲੀ ਕੁਆਲੀਫਾਈਡ ਲੜਕੇ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਲੜਕੀ ਦੀ ਭੈਣ ਕੈਨੇਡਾ 'ਚ ਵੈਲ ਸੈਟਲਡ ਹੈ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਰਿਸ਼ਤੇ ਸਬੰਧੀ ਹੋਰ ਗੱਲਬਾਤ ਕਰਨ ਲਈ ਇੰਡੀਆ 'ਚ +91-98144-99787 ਜਾਂ ਫਿਰ ਕੈਨੇਡਾ 'ਚ 1-437-971-5004 ਤੇ ਫੋਨ ਕੀਤਾ ਜਾ ਸਕਦਾ ਹੈ। -1802

*****************

ਕੈਨੇਡੀਅਨ ਸ਼ਿਟੀਜ਼ਨ, ਧਾਲੀਵਾਲ ਮੁਸਲਮਾਨ, 1990 ਦੀ ਬੌਰਨ, ਕੱਦ 5'-4", ਇੰਡੀਆ ਤੋਂ ਬੀ ਡੀ ਐਸ ਕਰਕੇ ਪੀ ਜੀ ਡੈਂਟਿਲ ਹਾਈਜੀਨ ਦਾ ਡਿਪਲੋਮਾ ਕਰਕੇ ਕੈਨੇਡਾ 'ਚ ਡੈਂਟਿਲ ਹਾਈਜੀਨੀਸਟ ਦੇ ਤੌਰ ਤੇ ਆਪਣੇ ਫੀਲਡ 'ਚ ਲੱਗਭਗ ਇਕ ਲੱਖ ਡਾਲਰ ਸਲਾਨਾ ਕਮਾ ਰਹੀ, ਬੇਕਸੂਰ ਤਲਾਕਸ਼ੁਦਾ, ਕੋਈ ਬੱਚਾ ਨਹੀਂ। ਮਾਤਾ ਤੇ ਇਕ ਭਰਾ ਇੰਡੀਆ, ਪਿਤਾ ਤੇ ਇਕ ਭਰਾ ਇੰਗਲੈਂਡ 'ਚ ਚਾਰੋਂ ਜਾਣੇ ਫੈਮਿਲੀ ਡਾਕਟਰ ਦੇ ਤੌਰ ਤੇ ਪ੍ਰਕੈਟਿਸ ਕਰ ਰਹੇ ਹਨ, ਸੋਹਣੀ ਸੁਨੱਖੀ , ਸਾਊ ਸੁਭਾਅ ਦੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਵਾਲੇ ਪਰਿਵਾਰ ਦੀ ਲੜਕੀ ਲਈ ਬਰਾਬਰ ਦੀ ਯੋਗਤਾ ਵਾਲੇ ਕੈਨੇਡੀਅਨ ਇੰਮੀਗਰਾਂਟ/ਸ਼ਿਟੀਜਨ ਲੜਕੇ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ।ਜੱਟ ਸਿੱਖ ਜਾਂ ਸਿੱਖ ਲੜਕੇ ਨੂੰ ਤਰਜੀਹ ਦਿੱਤੀ ਜਾਵੇਗੀ।ਤਲਾਕਸ਼ੁਦਾ (ਬਿਨਾਂ ਬੱਚੇ ਤੋਂ) ਲੜਕੇ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵੈਨਕੂਵਰ ਇਲਾਕੇ ਨੂੰ ਪਹਿਲ। ਮੈਰਿਜ ਬਿਊਰੋ ਵਾਲੇ ਗਲਤੀ ਨਾਲ ਵੀ ਫੋਨ ਨਾ ਕਰਨ। ਪਰਿਵਾਰ ਨਾਲ ਸਿੱਧਾ ਰਾਬਤਾ ਕਾਇਮ ਕਰਨ ਲਈ 1-604-374-1604 ਤੇ ਫੋਨ ਕੀਤਾ ਜਾ ਸਕਦਾ ਹੈ। -1802

*****************

ਕੈਨੇਡੀਅਨ ਪੀ ਆਰ, ਜੱਟ ਸਿੱਖ, ਅਣਵਿਆਹੀ ਲੜਕੀ , ਉਮਰ 32 ਸਾਲ, ਕੱਦ 5'-5", ਲਈ ਕੈਨੇਡਾ ਰਹਿੰਦੇ ਵਰ ਦੀ ਲੋੜ ਹੈ। ਲੜਕੀ ਨੇ ਐਮ ਕਾਮ ਕੀਤੀ ਹੋਈ ਹੈ। ਸੋਹਣੀ-ਸੁਨੱਖੀ, ਪਰਿਵਾਰਕ ਅਤੇ ਵਧੀਆ ਜੌਬ ਕਰ ਰਹੀ ਲੜਕੀ ਲਈ ਵੈਲ ਸੈਟਲਡ ਪਰਿਵਾਰ ਨਾਲ ਸਬੰਧਿਤ ਨਸ਼ਿਆ ਤੋਂ ਰਹਿਤ, ਵਧੀਆ ਨੌਕਰੀ ਜਾਂ ਆਪਣਾ ਕਾਰੋਬਾਰ ਕਰਦੇ ਜੱਟ ਸਿੱਖ ਲੜਕੇ ਦੀ ਲੋੜ ਹੈ। ਵਰਕ ਪਰਮਿਟ ਤੇ ਆਏ ਲੜਕੇ ਤੇ ਵੀ ਵਿਚਾਰ ਕੀਤਾ ਜ ਸਕਦਾ ਹੈ। ਕੈਲਗਰੀ ਸ਼ਹਿਰ ਨਾਲ ਸਬੰਧਿਤ ਲੜਕੇ ਨੂੰ ਤਰਜੀਹ ਦਿੱਤੀ ਜਾਵੇਗੀ। ਮੈਰਿਜ ਬਿਊਰੋ ਫੋਨ ਨਾ ਕਰਨ। ਰਿਸ਼ਤਾ ਜੋੜਨ ਦੇ ਚਾਹਵਾਨ ਆਪਣੀ ਫੋਟੋ ਤੇ ਬਾਇਓ ਡਾਟਾ **sukhraj007_sandhu@yahoo.com** ਤੇ ਭੇਜ ਕੇ ਇੰਡੀਆ 'ਚ ਵਟਸ ਨੰਬਰ +91-79735-57145 ਤੇ ਫੋਨ ਤੇ ਗੱਲਬਾਤ ਕੀਤੀ ਜ ਸਕਦੀ ਹੈ। -1802

*****************

ਕੈਨੇਡੀਅਨ ਸ਼ਿਟੀਜ਼ਨ, ਜੱਟ ਸਿੱਖ, ਉਮਰ 39 ਸਾਲ, ਕੱਦ 5'-6", ਗਰੈਜੂਏਟ, ਅਲਬਰਟਾ 'ਚ ਵਧੀਆ ਜੌਬ ਕਰ ਰਹੀ, ਪਰਿਵਾਰਕ, ਸੋਹਣੀ ਸੁਨੱਖੀ, ਨੈਵਰ ਮੈਰਿਜ, ਵੈਲ ਸੈਟਲਡ ਪਰਿਵਾਰ ਦੀ ਲੜਕੀ ਲਈ ਬਰਾਬਰ ਦੀ ਯੋਗਤਾ ਵਾਲੇ, ਹੈਂਡਸਮ, ਨਸ਼ਿਆ ਤੋਂ ਰਹਿਤ, ਕੱਦ 5'-6" ਤੋਂ ਘੱਟ ਨਾ ਹੋਵੇ, ਵਧੀਆ ਜੌਬ ਕਰਦੇ ਜਾਂ ਆਪਣਾ ਚੰਗਾ ਕਾਰੋਬਾਰ ਕਰਨ ਵਾਲੇ ਨੈਵਰ ਮੈਰਿਜ ਜੱਟ ਸਿੱਖ ਲੜਕੇ ਦੀ ਲੋੜ ਹੈ। ਲੜਕੀ ਕੈਨੇਡਾ ਦੇ ਕਿਸੇ ਵੀ ਪ੍ਰੋਵਿੰਸ਼ ਵਿਚ ਮੂਵ ਹੋ ਸਕਦੀ ਹੈ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ।ਹੋਰ ਵਧੇਰੇ ਜਾਣਕਾਰੀ ਲਈ 1-825-440-2051 ਤੇ ਫੋਨ ਕਰ ਸਕਦੇ ਹਨ। -1801

*****************

ਕੈਨੇਡੀਅਨ ਜੰਮਪਲ, ਰਵਿਦਾਸੀਆ ਸਿੱਖ, 1995 ਬੋਰਨ, ਕੱਦ 5'-6", ਮਾਸਟਰ ਇਨ ਸਾਈਕੋਲੋਜੀ, ਆਪਣੇ ਹੀ ਫੀਲਡ 'ਚ ਵਧੀਆ ਜੌਬ ਕਰਦੀ, ਸੋਹਣੀ-ਸੁਨੱਖੀ, ਪਰਿਵਾਰਕ, ਪਤਲੀ ਲੜਕੀ ਲਈ ਕੈਨੇਡਾ ਤੋਂ ਪ੍ਰੋਫੈਸ਼ਨਲੀ ਕੁਆਲੀਫਾਈਡ, ਹੈਂਡਸਮ, ਨਸ਼ਿਆ ਤੋਂ ਰਹਿਤ, ਵੈਲ ਸੈਟਲਡ ਜੰਮਪਲ ਲੜਕੇ ਦੀ ਲੋੜ ਹੈ। ਲੜਕੀ ਦਾ ਪਰਿਵਾਰ ਪਿਛਲੇ 40 ਸਾਲਾਂ ਤੋਂ ਕੈਨੇਡਾ 'ਚ ਵੈਲ ਸੈਟਲਡ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ।ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਰਿਸ਼ਤਾ ਜੋੜਨ ਦੇ ਚਾਹਵਾਨ 1-514-806-3293 ਜਾਂ ਫਿਰ 1-514-677-3293 ਤੇ ਫੋਨ ਕਰ ਸਕਦੇ ਹਨ। -1801

*****************

**Seeking a suitable match for**

## ਵਰ ਦੀ ਲੋੜ

**Ramdasia Sikh, weaver, Canadian PR, age 36 yrs, 5'-3" tall, beautiful, slim, awaiting divorce, Dentist girl. Boy should be from Canada/USA, professionally qualified, smart, non drinker, non smoker, well settled. Caste no bar. Marriage bureau please excuse. Contact for more details: +91-96468-92371** -1801

*****************

ਕੈਨੇਡੀਅਨ ਪੀ ਆਰ, (ਸ਼ਿਟੀਜਨਸ਼ਿਪ ਲਈ ਅਪਲਾਈ ਕੀਤਾ ਹੋਇਆ) ਜੱਟ ਸਿੱਖ ਲੜਕੀ, ਫਰਵਰੀ 1997 ਨੂੰ ਜਨਮੀਂ, ਕੱਦ 5'-1", ਚੰਡੀਗੜ੍ਹ 'ਚ ਜੰਮੀ ਪਲੀ, ਬੀ ਕਾਮ, ਬੀ ਐਡ ਕਰਕੇ ਸਰੀ (ਕੈਨੇਡਾ) ਦੇ ਐਲੀਮੈਂਟਰੀ ਸਕੂਲ 'ਚ ਟੀਚਰ ਵਜੋਂ ਕੰਮ ਕਰ ਰਹੀ ਲੜਕੀ ਲਈ ਅਮਰੀਕਾ, ਬ੍ਰਿਟਿਸ਼ ਕੁਲੰਬੀਆ/ਕੈਨੇਡਾ 'ਚ ਚੰਗੀ ਜਾਇਦਾਦ ਵਾਲੇ ਪੜ੍ਹੇ ਲਿਖੇ, ਨਸ਼ਿਆ ਤੋਂ ਰਹਿਤ ਵਰ ਦੀ ਲੋੜ ਹੈ। ਲੜਕੀ ਦੇ ਪਿਤਾ ਬਿਜਨੈਸ ਕਰਦੇ ਹਨ ਤੇ ਖੇਤੀਬਾੜੀ, ਜ਼ਮੀਨ ਅਤੇ ਕਿਰਾਏ ਤੋਂ ਚੰਗੀ ਆਮਦਨ ਹੈ। ਮਾਤਾ ਜੀ ਪੰਜਾਬ ਦੇ ਸਕੂਲ 'ਚ ਵਾਈਸ ਪ੍ਰਿੰਸੀਪਲ ਦੇ ਤੌਰ ਤੇ ਰਿਟਾਇਰਡ ਅਤੇ ਲੜਕੀ ਦਾ ਛੋਟਾ ਭਰਾ ਕੈਨੇਡੀਅਨ ਸ਼ਿਟੀਜਨ ਹੈ। ਮੁਹਾਲੀ 'ਚ ਆਪਣੀ ਕੋਠੀ ਅਤੇ ਜੱਦੀ ਘਰ ਖੰਨਾ ਨੇੜੇ ਹੈ। ਰਿਸ਼ਤਾ ਜੋੜਨ ਦੇ ਚਾਹਵਾਨ ਲੜਕੇ ਦੀਆਂ ਤਾਜ਼ੀਆਂ ਤਸਵੀਰਾਂ ਤੇ ਹੋਰ ਵੇਰਵੇ ਵਟਸ ਅਪ ਰਾਹੀਂ ਇੰਡੀਆ ਦੇ ਫੋਨ +91-87288-80222 ਤੇ ਭੇਜ ਸਕਦੇ ਹਨ। ਮੈਰਿਜ ਬਿਊਰੋ ਵਾਲੇ ਬਿਲਕੁਲ ਫੋਨ ਨਾ ਕਰਨ। -1800

*****************

ਕੈਨੇਡੀਅਨ ਸ਼ਿਟੀਜ਼ਨ, ਜੱਟ ਸਿੱਖ, ਉਮਰ 36 ਸਾਲ, ਕੱਦ 5'-4", ਪੋਸਟ ਗਰੈਜੂਏਟ, ਵਧੀਆ ਜੌਬ ਕਰਦੀ, ਸੋਹਣੀ-ਸੁਨੱਖੀ, ਪਰਿਵਾਰਕ, ਨੈਵਰ ਮੈਰਿਡ ਲੜਕੀ ਲਈ ਕੈਨੇਡਾ ਜਾਂ ਅਮਰੀਕਾ ਤੋਂ ਪ੍ਰੋਫੈਸ਼ਨਲੀ ਕੁਆਲੀਫਾਈਡ, ਹੈਂਡਸਮ, ਨਸ਼ਿਆ ਤੋਂ ਰਹਿਤ, ਵੈਲ ਸੈਟਲਡ, ਨੈਵਰ ਮੈਰਿਜ ਲੜਕੇ ਦੀ ਲੋੜ ਹੈ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ।ਹੋਰ ਗੱਲਬਾਤ ਕਰਨ ਲਈ 437-997-1052 ਤੇ ਫੋਨ ਕੀਤਾ ਜਾ ਸਕਦਾ ਹੈ। -1800

*****************

ਕੈਨੇਡੀਅਨ ਵੈਲ ਸੈਟਲਡ ਕਸ਼ਯਪ ਰਾਜਪੂਤ ਪਰਵਾਰ ਦੀ ਕੈਨੇਡੀਅਨ ਸਿਟੀਜ਼ਨ ਬੇਟੀ, ਉਮਰ 30 ਸਾਲ, ਕੱਦ 5'-6", ਬੀ ਐਸ ਸੀ ਡਿਗਰੀ ਹੋਲਡਰ, ਇਸ ਸਮੇਂ ਗੌਰਮੈਂਟ ਵਿੱਚ ਮੈਡੀਕਲ ਫੀਲਡ ਦੀ ਵਧੀਆ ਜੌਬ ਕਰ ਰਹੀ ਸੋਹਣੀ-ਸੁਨੱਖੀ, ਪਰਿਵਾਰਕ ਲੜਕੀ ਲਈ ਕੈਨੇਡੀਅਨ ਸਿਟੀਜ਼ਨ, ਪ੍ਰੋਫੈਸ਼ਨਲੀ ਕੁਆਲੀਫਾਈਡ ਤੇ ਇੰਪਲੌਯਡ ਜਾਂ ਬਿਜ਼ਨਸ ਕਰਦੇ, ਵੈਲ ਸੈਟਲਡ, ਨਸ਼ਿਆ ਤੋਂ ਰਹਿਤ, ਕਲੀਨਸ਼ੇਵ, ਹੈਂਡਸਮ ਲੜਕੇ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸਿਰਫ ਜੀ ਟੀ ਏ ਵਿੱਚ ਰਹਿੰਦੇ ਪਰਵਾਰ ਹੀ ਕਾਲ ਕਰਨ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਆਪਣੀ ਫੋਟੋ ਤੇ ਬਾਇਓ ਡਾਟਾ ਵਟਸ ਅਪ ਤੇ ਭੇਜ ਕੇ ਸੰਪਰਕ ਕਰੋ: 1-289-889-1775 -1799

*****************

ਕੈਨੇਡਾ 'ਚ ਵਰਕ ਪਰਮਿਟ ਤੇ ਰਹਿੰਦੀ, ਪੀ ਆਰ ਅਪਲਾਈਡ ਸਟੇਟਸ, ਜੱਟ ਸਿੱਖ ਗਿੱਲ, ਉਮਰ 28 ਸਾਲ, ਕੱਦ 5'-6", ਬੀ ਐਸ ਸੀ ਨਰਸਿੰਗ, ਆਰ ਐਨ ਦੀ ਵਧੀਆ ਜੌਬ ਕਰ ਰਹੀ, ਸੁੰਦਰ-ਸੁਸ਼ੀਲ, ਪਰਿਵਾਰਕ ਲੜਕੀ ਲਈ ਕੈਨੇਡਾ ਤੋਂ ਸ਼ਿਟੀਜ਼ਨ/ਪੀ ਆਰ, ਹੈਂਡਸਮ, ਨਸ਼ਿਆ ਤੋਂ ਰਹਿਤ, ਪ੍ਰੋਫੈਸ਼ਨਲੀ ਕੁਆਲੀਫਾਈਡ, ਵੈਲ ਸੈਟਲਡ ਲੜਕੇ ਦੀ ਲੋੜ ਹੈ। ਮਾਲਵੇ, ਲੁਧਿਆਣੇ ਅਤੇ ਉਂਟਾਰਿਓ ਦੇ ਲੜਕੇ ਨੂੰ ਪਹਿਲ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਹੋਰ ਜਾਣਕਾਰੀ ਲਈ ਸੰਪਰਕ ਕਰੋ: 437-878-6088, 905-792-3149 -1799

*****************

**Canadian Jat Sikh parents seek a suitable match for their Canadian born & raised daughter, 31yrs. old, 5'9" tall, has Masters degree (M.SC.) having a very good job in IT (Computer Science) field with a reputed company. Boy should be Canadian born & raised, tall, well educated having atleast University degree, professionally employed. Hindu Punjabis will be considered. No marriage bureau please. Send biodata & recent pictures to whatsapp # 437-218-5748** -1799

*****************

ਕੈਨੇਡੀਅਨ ਪੀ ਆਰ, ਜੱਟ ਸਿੱਖ, ਸੰਧੂ, ਉਮਰ 31 ਸਾਲ, ਕੱਦ 5'-5", ਬੀ ਐਸ ਸੀ ਨਰਸਿੰਗ ਡਿਗਰੀ ਹੋਲਡਰ, ਆਪਣੇ ਹੀ ਫੀਲਡ 'ਚ ਵਧੀਆ ਜੌਬ ਕਰਦੀ ਸੋਹਣੀ-ਸੁਨੱਖੀ, ਪਰਿਵਾਰਕ ਲੜਕੀ ਲਈ ਕੈਨੇਡਾ/ਅਮਰੀਕਾ ਤੋਂ ਪੜ੍ਹੇ ਲਿਖੇ, ਹੈਂਡਸਮ, ਨਸ਼ਿਆ ਤੋਂ ਰਹਿਤ, ਵੈਲ ਸੈਟਲਡ, ਘੱਟੋ ਘੱਟ 5'-11" ਲੰਮੇਂ, ਸ਼ਿਟੀਜ਼ਨ/ਪੀ ਆਰ ਲੜਕੇ ਦੀ ਲੋੜ ਹੈ। ਲੜਕੀ ਦਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਆਪਣੀ ਫੋਟੋ ਤੇ ਬਾਇਓ ਡਾਟਾ ਵਟਸ ਅਪ ਤੇ ਭੇਜ ਕੇ 1-236-514-9491 ਜਾਂ 1-778-706-8566 ਤੇ ਸੰਪਰਕ ਕਰੋ। -1798

*****************

ਕੈਨੇਡੀਅਨ ਸ਼ਿਟੀਜ਼ਨ,ਜੱਟ ਸਿੱਖ, 1988 ਬੌਰਨ, ਕੱਦ 5'-4", ਇੰਡੀਆ ਤੋਂ ਐਮ ਬੀ ਬੀ ਐਸ, ਅਮਰੀਕਾ ਦੇ ਯੂ ਐਸ ਐਮ ਐਲ ਈ ਦੇ ਪੇਪਰ ਕਲੀਅਰ ਤੇ ਦੋ ਸਾਲਾਂ 'ਚ ਜਰਨਲ ਸਰਜਨ ਰੈਜੀਡੈਂਸੀ ਕਲੀਅਰ ਕਰਕੇ ਕੈਨੇਡਾ 'ਚ ਫਿਜੀਸ਼ਨ ਅਸਿਸਟੈਂਟ ਦੀ ਵਧੀਆ ਜੌਬ ਕਰਦੀ, ਸੋਹਣੀ, ਪਰਿਵਾਰਕ, ਨੈਵਰ ਮੈਰਿਡ ਲੜਕੀ ਲਈ ਕੈਨੇਡਾ/ਅਮਰੀਕਾ ਤੋਂ ਡਾਕਟਰ/ਵਕੀਲ/ਇੰਜਨੀਅਰ, ਹੈਂਡਸਮ, ਨਸ਼ਿਆ ਤੋਂ ਰਹਿਤ, ਵੈਲ ਸੈਟਲਡ ਲੜਕੇ ਦੀ ਲੋੜ ਹੈ। ਮਾਲਵਾ ਅਤੇ ਅਮਰੀਕਾ ਨੂੰ ਪਹਿਲ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਰਿਸ਼ਤੇ ਦੀ ਗੱਲਬਾਤ ਕਰਨ ਲਈ 416-909-7507 ਜਾਂ ਫਿਰ ਇੰਡੀਆ 'ਚ +91-98158-37177 ਤੇ ਫੋਨ ਕੀਤਾ ਜਾ ਸਕਦਾ ਹੈ। -1798

*****************

## ਘਰ ਦੇ ਕੰਮਾਂ ਲਈ ਲੋੜ ਹੈ

ਕੈਲੇਡਿਨ ਸ਼ਹਿਰ ਵਿਖੇ ਪੰਜਾਬੀ ਪਰਿਵਾਰ ਨੂੰ ਇਕ ਯੋਗ ਅਤੇ ਤਜ਼ਰਬੇਕਾਰ ਹੈਲਪਰ ਔਰਤ ਦੀ ਲੋੜ ਹੈ ਜੋ ਘਰ ਦੇ ਕੰਮਾਂ ਕਾਰਾਂ ਨੂੰ ਕਰ ਸਕਦੀ ਹੋਵੇ। ਵਧੀਆ ਤਨਖਾਹ ਤੋਂ ਇਲਾਵਾ ਰਹਿਣ ਤੇ ਖਾਣ-ਪੀਣ ਦਾ ਪ੍ਰਬੰਧ ਹੋਵੇਗਾ। ਘਰ ਵਿਚ ਦੋ ਕੁੱਤੇ ਰੱਖੇ ਹੋਏ ਹਨ। ਉਹੀ ਔਰਤਾਂ ਸੰਪਰਕ ਕਰਨ ਜਿਨ੍ਹਾਂ ਨੂੰ ਕੁੱਤਿਆਂ ਤੋਂ ਅਲਰਜੀ ਨਹੀਂ ਹੈ। ਹੋਰ ਵਧੇਰੇ ਡਿਊਟੀ ਲਈ ਪੁੱਛਗਿੱਛ ਵਾਸਤੇ 416-399-1034 ਤੇ ਫੋਨ ਕੀਤਾ ਜਾ ਸਕਦਾ ਹੈ।

# ਅਮਰੀਕਾ 'ਚ 12 ਲੱਖ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦੇ ਹੁਕਮ

## ਪੇਸ਼ੀ ਦੌਰਾਨ ਘਿਰ ਗਈ ਟਰੰਪ ਦੀ ਇੰਮੀਗ੍ਰੇਸ਼ਨ ਮੰਤਰੀ, ਟਰੰਪ ਸਰਕਾਰ ਨੇ ਮੰਨਿਆ, ਯੂ.ਐਸ. ਸਿਟੀਜ਼ਨ ਡਿਪੋਰਟ ਕਰਨ ਦਾ ਹੱਕ ਨਹੀਂ

ਵਾਸ਼ਿੰਗਟਨ, 9 ਮਈ (ਵਿਸ਼ੇਸ਼ ਪ੍ਰਤੀਨਿਧ) : ਅਮਰੀਕਾ ਵਿਚ 12 ਲੱਖ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦੇ ਹੁਕਮ ਜਾਰੀ ਹੋ ਚੁੱਕੇ ਹਨ ਪਰ ਇੰਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ ਵਾਲਿਆਂ ਨੂੰ ਧਰਤੀ 'ਤੇ ਜਗ੍ਹਾ ਨਹੀਂ ਲੱਭ ਰਹੀ ਜਿਥੇ ਇਨ੍ਹਾਂ ਨੂੰ ਭੇਜਿਆ ਜਾ ਸਕੇ। ਦੂਜੇ ਪਾਸੇ ਟਰੰਪ ਸਰਕਾਰ ਨੂੰ ਪ੍ਰਵਾਨ ਕਰਨਾ ਪਿਆ ਕਿ ਯੂ.ਐਸ. ਸਿਟੀਜ਼ਨਜ਼ ਨੂੰ ਡਿਪੋਰਟ ਕਰਨ ਦਾ ਉਨ੍ਹਾਂ ਕੋਲ ਕੋਈ ਹੱਕ ਨਹੀਂ। ਜੀ ਹਾਂ, ਡੌਨਲਡ ਟਰੰਪ ਦੀ ਇੰਮੀਗ੍ਰੇਸ਼ਨ ਮੰਤਰੀ ਕ੍ਰਿਸਟੀ ਨੋਇਮ ਨੇ ਸੰਸਦ ਦੀ ਇਕ ਸਬ-ਕਮੇਟੀ ਅੱਗੇ ਪੇਸ਼ ਹੁੰਦਿਆਂ ਦੱਸਿਆ ਕਿ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਵਾਸਤੇ ਕਈ ਮੁਲਕਾਂ ਨਾਲ ਗੱਲਬਾਤ ਚੱਲ ਰਹੀ ਹੈ। ਟਰੰਪ ਦੇ ਡਿਪੋਰਟੇਸ਼ਨ ਪ੍ਰੋਗਰਾਮ ਬਾਰੇ ਕ੍ਰਿਸਟੀ ਨੋਇਮ ਨੂੰ ਤਿੱਖੇ ਸਵਾਲਾਂ ਦਾ ਸਾਹਮਣਾ ਕਰਨਾ ਪਿਆ ਅਤੇ ਸਬ-ਕਮੇਟੀ ਵਿਚ ਡੈਮੋਕ੍ਰੈਟਿਕ ਪਾਰਟੀ ਦੀ ਮੈਂਬਰ ਲੌਰਨ ਅੰਡਰਵੁੱਡ ਨੇ ਹਰ ਸਵਾਲ 'ਤੇ ਘੇਰਨ ਦਾ ਯਤਨ ਕੀਤਾ। ਅੰਡਰਵੁੱਡ ਨੇ ਤਲਖ ਲਹਿਜ਼ੇ ਵਿਚ ਪੁੱਛਿਆ ਕਿ ਕੀ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰਦਿਆਂ ਕਾਨੂੰਨ ਮੁਤਾਬਕ ਕਾਰਵਾਈ ਹੋਣੀ ਚਾਹੀਦੀ ਹੈ। ਇਸ ਦੇ ਜਵਾਬ ਵਿਚ ਅਮਰੀਕਾ ਦੀ ਗ੍ਰਹਿ ਸੁਰੱਖਿਆ ਮੰਤਰੀ ਨੇ ਗੱਲ ਘੁਮਾਉਣ ਦਾ ਯਤਨ ਕੀਤਾ ਪਰ ਅੰਡਰਵੁੱਡ ਸਿੱਧੀ ਹੋ ਗਈ ਅਤੇ ਹਾਂ ਜਾਂ ਨਾਂਹ ਵਿਚ ਜਵਾਬ ਦੇਣ ਲਈ ਆਖਿਆ। ਕ੍ਰਿਸਟੀ ਨੋਇਮ ਵੱਲੋਂ ਨਹੀਂ ਕਹਿੰਦਿਆਂ ਹੀ ਅੰਡਰਵੁੱਡ ਨੇ ਅਗਲਾ ਸਵਾਲ ਦਾਗ ਦਿਤਾ ਅਤੇ




ਪੁੱਛਿਆ ਕਿ ਕੀ ਸਰਕਾਰ ਅਮਰੀਕੀ ਨਾਗਰਿਕਾਂ ਨੂੰ ਡਿਪੋਰਟ ਕਰਨ ਦਾ ਹੱਕ ਹੈ। ਇਥੇ ਕ੍ਰਿਸਟੀ ਨੋਇਮ ਕਸੂਤੀ ਫਸ ਗਈ ਅਤੇ ਇਹ ਕਹਿ ਕੇ ਖਹਿੜਾ ਛੁਡਾਉਣਾ ਪਿਆ ਕਿ ਨਹੀਂ, ਸਰਕਾਰ ਕੋਲ ਕੋਈ ਹੱਕ ਨਹੀਂ। ਅੰਡਰਵੁੱਡ ਨੇ ਕ੍ਰਿਸਟੀ ਨੋਇਮ ਦੇ ਮੂੰਹ 'ਤੇ ਦੋਸ਼ ਲਾਇਆ ਕਿ ਉਹ ਮੁਲਕਾਂ ਦੇ ਸੰਵਿਧਾਨ ਤੋਂ ਜ਼ਿਆਦਾ ਆਪਣੇ ਰਾਸ਼ਟਰਪਤੀ ਨੂੰ ਤਵੱਜੋ ਦੇ ਰਹੇ ਹਨ। ਇਥੇ ਦਸਣਾ ਬਣਦਾ ਹੈ ਕਿ ਅਮਰੀਕਾ ਦਾ ਇੰਮੀਗ੍ਰੇਸ਼ਨ ਵਿਭਾਗ ਗ੍ਰਹਿ ਸੁਰੱਖਿਆ ਮੰਤਰਾਲੇ ਦੇ ਅਧੀਨ ਆਉਂਦਾ ਹੈ ਅਤੇ ਟਰੰਪ ਦੇ ਸੱਤਾ ਸੰਭਾਲਣ ਮਗਰੋਂ ਪਹਿਲੀ ਵਾਰ ਉਨ੍ਹਾਂ ਦੀ ਮੰਤਰੀ ਨੂੰ ਢੁਕਵੇਂ ਜਵਾਬ ਦੇਣ ਵਿਚ ਦਿੱਕਤਾਂ ਆਈਆਂ। ਦੱਸ ਦੇਈਏ ਕਿ ਪਨਾਮਾ, ਕੋਸਟਾ ਰੀਕਾ ਜਾਂ ਅਲ ਸਲਵਾਡੋਰ ਵਰਗੇ ਮੁਲਕਾਂ ਵੱਲ ਵੱਡੀ ਗਿਣਤੀ ਵਿਚ ਪ੍ਰਵਾਸੀ ਡਿਪੋਰਟ ਕਰਨੇ ਸੌਖੇ ਨਹੀਂ ਜਿਸ ਦੇ ਮੱਦੇਨਜ਼ਰ ਟਰੰਪ ਸਰਕਾਰ ਲੀਬੀਆ, ਅੰਗੋਲਾ, ਮਾਲਡੋਵਾ, ਰਵਾਂਡਾ ਅਤੇ ਬੈਨਿਨ ਵਰਗੇ ਮੁਲਕਾਂ ਵੱਲ ਵੀ ਗੈਰਕਾਨੂੰਨੀ ਪ੍ਰਵਾਸੀ ਭੇਜਣ ਦੇ ਯਤਨ ਕਰ ਰਹੀ ਹੈ। ਪ੍ਰਵਾਸੀਆਂ ਨੂੰ ਲੀਬੀਆ ਡਿਪੋਰਟ ਕਰਨ ਦਾ ਵਿਰੋਧ ਹੋ ਰਿਹਾ ਹੈ ਜਿਥੇ 2011 ਤੋਂ ਘਰੇਲੂ ਜੰਗ ਛਿੜੀ ਹੋਈ ਹੈ ਅਤੇ ਲੋਕ ਆਪਣੀ ਜਾਨ ਬਚਾ ਕੇ ਯੂਰਪੀ ਮੁਲਕਾਂ ਵੱਲ ਜਾ ਰਹੇ ਹਨ। ਉਧਰ ਵਾਲ ਸਟ੍ਰੀਟ ਜਰਨਲ ਦੀ ਰਿਪੋਰਟ ਮੁਤਾਬਕ 'ਆਈਸ ਬਾਰਬੀ' ਦੇ ਨਾਂ ਨਾਲ ਪ੍ਰਸਿੱਧ ਕ੍ਰਿਸਟੀ ਨੋਇਮ ਵਿਰੁੱਧ ਕੰਮ ਦੌਰਾਨ ਮੇਕਅੱਪ ਲਾਉਣ ਦੇ ਦੋਸ਼ ਵੀ ਲੱਗ ਚੁੱਕੇ ਹਨ। ਅਮਰੀਕਾ ਦੇ ਸਾਊਥ ਡੈਕੋਟਾ ਸੂਬੇ ਦੀ ਗਵਰਨਰ ਰਹਿ ਚੁੱਕੀ ਕ੍ਰਿਸਟੀ ਨੋਇਮ ਵਿਰੁੱਧ ਪਿਛਲੇ ਸਮੇਂ ਦੌਰਾਨ ਦੋਸ਼ ਲੱਗੇ ਸਨ ਕਿ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਫੜਨ ਲਈ ਆਈਸ ਵੱਲੋਂ ਆਰੰਭੀ ਕਾਰਵਾਈ ਦੌਰਾਨ ਹੀ ਉਨ੍ਹਾਂ ਨੇ ਸੋਸ਼ਲ ਮੀਡੀਆ ਦੀ ਇਸ ਦੀ ਜਾਣਕਾਰੀ ਲੀਕ ਕਰ ਦਿਤੀ।

# ਅਮਰੀਕਾ 'ਚ ਪ੍ਰਵਾਸੀਆਂ ਦਾ ਹਿੰਸਕ ਰੋਸ ਵਿਖਾਵਾ, 76 ਗ੍ਰਿਫ਼ਤਾਰ

ਨਿਊ ਯਾਰਕ, 8 ਮਈ (ਵਿਸ਼ੇਸ਼ ਪ੍ਰਤੀਨਿਧ) : ਡੌਨਲਡ ਟਰੰਪ ਵੱਲੋਂ ਸੈਂਕੜੇ ਮੁਜ਼ਾਹਰਕਾਰੀਆਂ ਨੂੰ ਡਿਪੋਰਟ ਕੀਤੇ ਜਾਣ ਦੇ ਬਾਵਜੂਦ ਨਿਊ ਯਾਰਕ ਦੀ ਕੋਲੰਬੀਆ ਯੂਨੀਵਰਸਿਟੀ ਵਿਚ ਬੁੱਧਵਾਰ ਨੂੰ ਹਿੰਸਕ ਰੋਸ ਵਿਖਾਵਾ ਹੋਇਆ ਅਤੇ ਪੁਲਿਸ ਘੱਟੋ ਘੱਟ 76 ਜਣਿਆਂ ਨੂੰ ਗ੍ਰਿਫ਼ਤਾਰ ਕਰ ਕੇ ਲੈ ਗਈ। ਯੂਨੀਵਰਸਿਟੀ ਦੇ ਪ੍ਰਬੰਧਕਾਂ ਨੇ ਦੱਸਿਆ ਕਿ ਬਾਹਰੀ ਲੋਕਾਂ ਦੇ ਦਾਖਲੇ ਕਾਰਨ ਮੁਜ਼ਾਹਰਾ ਹਿੰਸਕ ਰੂਪ ਅਖਤਿਆਰ ਕਰ ਗਿਆ ਅਤੇ ਦੋ ਸੁਰੱਖਿਆ ਮੁਲਾਜ਼ਮ ਜ਼ਖਮੀ ਹੋ ਗਏ। ਨਿਊ ਯਾਰਕ ਸਿਟੀ ਦੇ ਮੇਅਰ ਐਰਿਕ ਐਡਮਜ਼ ਨੇ ਕਿਹਾ ਕਿ ਅਣਅਧਿਕਾਰਤ ਲੋਕਾਂ ਨੂੰ ਬਾਹਰ ਕੱਢਣ ਲਈ ਕੋਲੰਬੀਆ ਯੂਨੀਵਰਸਿਟੀ ਵੱਲੋਂ ਹੀ ਗੁਜ਼ਾਰਿਸ਼ ਕੀਤੀ ਗਈ ਸੀ। ਉਧਰ ਨਿਊ ਯਾਰਕ ਸੂਬੇ ਦੀ ਗਵਰਨਰ ਕੈਥੀ ਹੋਚਲ ਨੇ ਸੋਸ਼ਲ ਮੀਡੀਆ ਰਾਹੀਂ ਟਿੱਪਣੀ ਕਰਦਿਆਂ ਕਿਹਾ ਕਿ ਸ਼ਾਂਤਮਈ ਤਰੀਕੇ ਨਾਲ ਰੋਸ ਵਿਖਾਵਾ ਕਰਨ ਦਾ ਹਰ ਇਕ ਨੂੰ ਹੱਕ ਹੈ ਪਰ ਹਿੰਸਾ ਅਤੇ ਤੋੜ-ਭੰਨ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ। ਯੂਨੀਵਰਸਿਟੀ ਵਿਚ ਪਏ ਖੱਪਖਾਨੇ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ ਜਿਸ ਵਿਚ ਮੁਜ਼ਾਹਰਾਕਾਰੀਆਂ ਨੂੰ ਲਾਇਬ੍ਰੇਰੀ ਵੱਲ ਜਾਂਦਿਆਂ ਦੇਖਿਆ ਜਾ ਸਕਦਾ ਹੈ। ਯੂਨੀਵਰਸਿਟੀ ਦੇ ਬੁਲਾਰੇ ਨੇ ਹਾਲਾਤ 'ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਜਿਉਂ ਹੀ ਭੀੜ ਦੀ ਆਮਦ ਬਾਰੇ ਪਤਾ ਲੱਗਾ ਤਾਂ ਸੁਰੱਖਿਆ ਮੁਲਾਜ਼ਮਾਂ ਦੀ ਟੀਮ ਵੱਲੋਂ ਉਨ੍ਹਾਂ ਨੂੰ ਰੋਕਣ ਦੇ ਯਤਨ ਕੀਤੇ ਗਏ। ਮੁਜ਼ਾਹਰਾਕਾਰੀਆਂ ਨੂੰ ਆਪਣੇ ਸ਼ਨਾਖਤੀ ਕਾਰਡ ਦਿਖਾਉਣ ਅਤੇ ਇਲਾਕੇ ਖਾਲੀ ਕਰਨ ਵਾਸਤੇ ਆਖਿਆ ਗਿਆ ਪਰ ਕਿਸੇ ਨੇ ਵੀ ਆਪਣੀ ਪਛਾਣ ਦਾ ਸਬੂਤ ਪੇਸ਼ ਨਾ ਕੀਤਾ ਅਤੇ ਨਾ ਹੀ ਕੈਂਪਸ ਵਿਚੋਂ ਬਾਹਰ ਜਾਣ ਵਾਸਤੇ ਰਾਜ਼ੀ ਹੋਏ। ਕੁਝ ਦੇਰ ਬਾਅਦ ਫਾਇਰ ਅਲਾਰਮ ਵੱਜਣ ਲੱਗਾ ਅਤੇ ਐਮਰਜੰਸੀ ਕਾਮੇ ਇਕ ਸ਼ਖਸ ਨੂੰ ਸਟ੍ਰੈਚਰ 'ਤੇ ਪਾ ਕੇ ਬਾਹਰ ਲਿਆਉਂਦੇ ਦੇਖੇ ਗਏ। ਕੋਲੰਬੀਆ ਯੂਨੀਵਰਸਿਟੀ ਦੀ ਐਕਟਿੰਗ ਪ੍ਰੈਜ਼ੀਡੈਂਟ ਕਲੇਅਰ ਸ਼ਿਪਮੈਨ ਮੁਤਾਬਕ ਭੀੜ ਵੱਲੋਂ ਕੀਤੀ ਧੱਕਾ-ਮੁੱਕੀ ਦੌਰਾਨ ਦੋ ਸੁਰੱਖਿਆ ਅਫ਼ਸਰ ਜ਼ਖਮੀ ਹੋਏ।

ਦੂਜੇ ਪਾਸੇ ਇਕ ਵਿਦਿਆਰਥੀ ਜਥੇਬੰਦੀ ਵੱਲੋਂ ਸੋਸ਼ਲ ਮੀਡੀਆ ਰਾਹੀਂ ਸੁਨੇਹ ਸਾਂਝਾ ਕਰਦਿਆਂ ਸੁਰੱਖਿਆ ਅਫ਼ਸਰਾਂ 'ਤੇ ਕੁੱਟਮਾਰ ਕਰਨ ਦਾ ਦੋਸ਼ ਲਾਇਆ ਗਿਆ



ਹੈ। ਇਥੇ ਦਸਣਾ ਬਣਦਾ ਹੈ ਕਿ ਰੋਸ ਵਿਖਾਵਾ ਆਰੰਭ ਹੋਣ ਤੋਂ ਤਿੰਨ ਘੰਟੇ ਬਾਅਦ ਨਿਊ ਯਾਰਕ ਪੁਲਿਸ ਤੋਂ ਮਦਦ ਮੰਗੀ ਗਈ ਅਤੇ ਪੁਲਿਸ ਨੇ ਆਉਂਦਿਆਂ ਹੀ ਭੀੜ ਨੂੰ ਖਿੰਡਾ ਦਿਤਾ ਜਦਕਿ ਦਰਜਨਾਂ ਮੁਜ਼ਾਹਰਾਕਾਰੀਆਂ ਨੂੰ ਗ੍ਰਿਫ਼ਤਾਰ ਕਰ ਕੇ ਅਣਦੱਸੀ ਥਾਂ 'ਤੇ ਲਿਜਾਇਆ ਗਿਆ। ਗ੍ਰਿਫ਼ਤਾਰ ਪ੍ਰਵਾਸੀਆਂ ਵਿਰੁੱਧ ਆਇਦ ਦੋਸ਼ਾਂ ਬਾਰੇ ਵੀ ਫਿਲਹਾਲ ਨਿਊ ਯਾਰਕ ਪੁਲਿਸ ਨੇ ਕੋਈ ਜਾਣਕਾਰੀ ਨਹੀਂ ਦਿਤੀ। ਯੂਨੀਵਰਸਿਟੀ ਦੀ ਵੈਬਸਾਈਟ ਮੁਤਾਬਕ ਵਿਦਿਆਰਥੀਆਂ ਦੇ ਮਹਿਮਾਨਾਂ ਦਾ ਵਿਦਿਅਕ ਅਦਾਰੇ ਵਿਚ ਦਾਖਲਾ ਵੀਰਵਾਰ ਨੂੰ ਬੰਦ ਰਹੇਗਾ ਅਤੇ ਕੈਂਪਸ ਵਿਚ ਦਾਖਲ ਹੋਣ ਲਈ ਯੂਨੀਵਰਸਿਟੀ ਨਾਲ ਸਬੰਧਤ ਪਛਾਣ ਪੱਤਰ ਦਿਖਾਉਣੇ ਹੋਣਗੇ। ਚੇਤੇ ਰਹੇ ਕਿ ਕੋਲੰਬੀਆ ਯੂਨੀਵਰਸਿਟੀ ਦੇ ਮੁਜ਼ਾਹਰਿਆਂ ਵਿਚ ਸ਼ਾਮਲ ਹੋਣ ਕਰ ਕੇ ਕਈ ਭਾਰਤੀ ਵਿਦਿਆਰਥੀ ਅਮਰੀਕਾ ਤੋਂ ਡਿਪੋਰਟ ਕੀਤੇ ਜਾ ਚੁੱਕੇ ਹਨ। ਦੋ ਪ੍ਰਮੁੱਖ ਵਿਦਿਆਰਥੀ ਆਗੂ ਮਹਿਮੂਦ ਖਲੀਲ ਅਤੇ ਮੋਹਸਿਨ ਮਦਾਵੀ ਨੂੰ ਵੀ ਇੰਮੀਗ੍ਰੇਸ਼ਨ ਵਾਲੇ ਗ੍ਰਿਫ਼ਤਾਰ ਕਰ ਕੇ ਲੈ ਗਏ ਸਨ ਜਿਨ੍ਹਾਂਵਿਚੋਂ ਮਹਿਮੂਦ ਖਲੀਲ ਗਰੀਨ ਕਾਰਡ ਹੋਲਡਰ ਹੈ।

ਰੋਸ ਵਿਖਾਵਿਆਂ ਕਰ ਕੇ ਹੀ ਕੋਲੰਬੀਆ ਯੂਨੀਵਰਸਿਟੀ ਦਾ ਰਾਸ਼ਟਰਪਤੀ ਡੌਨਲਡ ਟਰੰਪ ਨਾਲ ਪੇਚਾ ਪਿਆ ਅਤੇ ਹਦਾਇਤਾਂ ਦੀ ਪਾਲਣਾ ਨਾ ਕਰਨ 'ਤੇ ਲੱਖਾਂ ਡਾਲਰ ਦੀ ਗਰਾਂਟ ਰੋਕਣ ਦੀ ਧਮਕੀ ਦਿਤੀ ਗਈ। ਨਿਊ ਯਾਰਕ ਦੇ ਮੇਅਰ ਵੱਲੋਂ ਵਿਦਿਆਰਥੀਆਂ ਦੇ ਮਾਪਿਆਂ ਨੂੰ ਭੇਜੇ ਸੁਨੇਹੇ ਵਿਚ ਕਿਹਾ ਗਿਆ ਹੈ ਕਿ ਕਾਨੂੰਨ ਤੋੜਨ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ ਕਿਉਂਕਿ ਹਿੰਸਕ ਰੋਸ ਵਿਖਾਵਿਆਂ ਨਾਲ ਯਹੂਦੀਆਂ ਵਿਚ ਡਰ ਦਾ ਮਾਹੌਲ ਪੈਦਾ ਹੁੰਦਾ ਹੈ।

# ਗੁਰਦੁਆਰਾ ਸਾਹਿਬ ਵੌਂਦਰੂਏ ਡੋਰੀਆਨ ਵਿਖੇ ਖਾਲਸੇ ਸਥਾਪਨਾ ਦਿਵਸ ਦੇ ਧਾਰਮਿਕ ਸਮਾਗਮ





ਕੈਨੇਡਾ ਮੋਂਟਰਿਅਲ ( ਮਨਿੰਦਰ)ਪੰਜਾਬ ਵਾਂਗ ਕਨੇਡਾ ਦੇ ਮੋਂਟਰੀਅਲ ਸੰਗਤਾਂ ਦਾ ਠਾਠਾ ਮਾਰਦਾ ਇਕੱਠ ਗੁਰਦੁਆਰਾ ਸਾਹਿਬ ਵੌਂਦਰੂਏ ਡੋਰੀਆਨ ਵਿਖੇ ਖਾਲਸੇ ਸਥਾਪਨਾ ਦਿਵਸ ਬਹੁਤ ਵੱਡੇ ਪੱਧਰ ਤੇ ਮਨਾਇਆ ਗਿਆ ਜਾਣਕਾਰੀ ਦਿੰਦੇ ਹੋਏ ਲਖਬੀਰ ਸਿੰਘ ਜੀ ਨੇ ਦੱਸਿਆ ਕੀ ਇਸ ਸਮਾਗਮ ਵਿੱਚ ਕਥਾਵਾਚਕ ਗਿਆਨੀ ਹਰਿੰਦਰ ਸਿੰਘ ਜੀ ਅਲਵਰ, ਹਜ਼ੂਰੀ ਰਾਗੀ ਭਾਈ ਬੂਟਾ ਸਿੰਘ ਤੇ ਇਲਾਵਾ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਸਬਦ ਗੁਰਬਾਣੀ, ਕਥਾ ਕੀਰਤਨ ਅਤੇ ਗਤਕੇਬਾਜ਼ੀ ਦੇ ਜੋਹਰ ਵਿਖਾਏ ਗਏ ਅਤੇ ਵੱਖ ਵੱਖ ਧਾਰਮਿਕ ਵਿਦਵਾਨ ਨੇ ਹਾਜ਼ਰੀ ਭਰੀ, ਅਤੇ ਗੁਰੂ ਕੇ ਅਟੁੱਟ ਲੰਗਰ ਵਰਤਾਏਗੇ ਜਿਸ ਵਿੱਚ ਨਿਹੰਗ ਸਿੰਘਾਂ ਵੱਲੋਂ ਸ਼ਰਦਾਈ ਦਾ ਲੰਗਰ ਵੀ ਲਗਾਇਆ ਹੈਡ ਗ੍ਰੰਥੀ ਗੁਰਤੇਗ ਸਿੰਘ ਜੀ ਨੇ ਦੱਸਿਆ ਕਿ ਇਸ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ, ਸ੍ਰੀ ਸੁਖਮਨੀ ਸਾਹਿਬ ਦੇ ਪਾਠ ਸੰਗਤਾਂ ਵੱਲੋਂ ਕਰਵਾਏ ਜਾਂਦੇ ਹਨ ਜੀ, ਬੱਚਿਆਂ ਦੀਆ ਗੁਰਮਤਿ ਪੰਜਾਬੀ ਕਲਾਸਾਂ, ਤਬਲੇ ਦੀਆ ਕਲਾਸਾਂ ਲਗਾਈਆਂ ਜਾਂਦੀਆਂ ਹਨ ਤਾਂ ਜੋ ਬੱਚੇ ਆਪਣੇ ਪੰਜਾਬੀ ਕਲਚਰ ਨਾਲ ਜੁੜੇ ਰਹਿਣ ਅਤੇ ਗੁਰੂ ਲੜ ਲੱਗੇ ਰਹਿਣਾ

# ਕੈਨੇਡਾ ਵਿਚ ਪੰਜਾਬਣ ਦੇ ਕਤਲ ਮਾਮਲੇ 'ਚ ਗੁਰਤਾਜ ਸਿੰਘ ਗ੍ਰਿਫ਼ਤਾਰ

## ਸਿਮਰਨਜੀਤ ਕੌਰ ਦੀ ਸਰੀ ਵਿਖੇ ਕੀਤੀ ਗਈ ਸੀ ਹੱਤਿਆ


ਸਰੀ, 9 ਮਈ (ਵਿਸ਼ੇਸ਼ ਪ੍ਰਤੀਨਿਧ) : ਕੈਨੇਡਾ ਵਿਚ ਪੰਜਾਬੀ ਮੁਟਿਆਰ ਦੇ ਕਤਲ ਦੀ ਪੜਤਾਲ ਕਰ ਰਹੀ ਇੰਟੈਗਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਵੱਲੋਂ 21 ਸਾਲ ਦੇ ਗੁਰਤਾਜ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਆਈ ਹਿਟ ਦੀ ਸਾਰਜੈਂਟ ਫਰੈਡਾ ਫੌਂਗ ਨੇ ਦੱਸਿਆ ਕਿ ਕਤਲਕਾਂਡ ਵਿਚ ਕਈ ਹੋਰ ਸ਼ੱਕੀ ਵੀ ਸ਼ਾਮਲ ਹੋ ਸਕਦੇ ਹਨ ਅਤੇ ਉਨ੍ਹਾਂ ਨੂੰ ਇਨਸਾਫ਼ ਦੇ ਕਟਹਿਰੇ ਵਿਚ ਲਿਆਂਦੇ ਜਾਣ ਤੱਕ ਪੜਤਾਲ ਜਾਰੀ ਰਹੇਗੀ। ਮਾਮਲੇ ਦੀ ਪੜਤਾਲ ਵਿਚ ਇੰਟੈਗਰੇਟਿਡ ਫੌਰੈਂਸਿਕ ਆਈਡੈਂਟੀਫਿਕੇਸ਼ਨ ਸਰਵਿਸ, ਸਰੀ ਪੁਲਿਸ ਸਰਵਿਸ, ਆਰ.ਸੀ.ਐਮ.ਪੀ. ਅਤੇ ਬੀ.ਸੀ. ਕੌਰੋਨਰਜ਼ ਸਰਵਿਸ ਵੱਲੋਂ ਮੁਕੰਮਲ ਸਹਿਯੋਗ ਦਿਤਾ ਗਿਆ। ਦੱਸ ਦੇਈਏ ਕਿ 14 ਦਸੰਬਰ 2024 ਨੂੰ ਸਰੀ ਦੇ ਗਿਲਫਰਡ ਇਲਾਕੇ ਵਿਚ 23 ਸਾਲ ਦੀ ਸਿਮਰਨਜੀਤ ਕੌਰ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿਤਾ ਗਿਆ ਜਦਕਿ ਇਕ ਹੋਰ ਸ਼ਖਸ ਗੰਭੀਰ ਜ਼ਖਮੀ ਹੋਇਆ। ਸਟਡੀ ਵੀਜ਼ਾ 'ਤੇ ਕੈਨੇਡਾ ਪੁੱਜੀ ਸਿਮਰਨਜੀਤ ਕੌਰ ਸਰੀ ਦੇ 108-ਏ ਐਵੇਨਿਊ ਦੇ 14700 ਬਲਾਕ ਵਿਚ ਆਪਣੀਆਂ ਸਹੇਲੀਆਂ ਨਾਲ ਕਿਰਾਏ 'ਤੇ ਰਹਿ ਰਹੀ ਸੀ। ਸਿਮਰਨਜੀਤ ਕੌਰ ਨੂੰ ਨਿਸ਼ਾਨਾ ਬਣਾਏ ਜਾਣ ਦੇ ਕਾਰਨਾਂ ਬਾਰੇ ਆਈ ਹਿਟ ਵੱਲੋਂ ਵਿਸਤਾਰਤ ਵੇਰਵੇ ਨਹੀਂ ਦਿਤੇ ਗਏ ਅਤੇ ਸਿਰਫ ਐਨਾ ਦੱਸਿਆ ਕਿ ਨਿਜੀ ਵਿਵਾਦ ਕਰ ਕੇ ਵਾਰਦਾਤ ਵਾਪਰੀ। ਗੁਰਤਾਜ ਸਿੰਘ ਵਿਰੁੱਧ ਦੂਜੇ ਦਰਜੇ ਦੀ ਹੱਤਿਆ ਅਤੇ ਇਰਾਦਾ ਕਤਲ ਦੇ ਦੋਸ਼ ਆਇਦ ਕੀਤੇ ਗਏ ਹਨ ਅਤੇ ਅਦਾਲਤ ਵਿਚ ਅਗਲੀ ਪੇਸ਼ੀ ਤੱਕ ਉਹ ਪੁਲਿਸ ਹਿਰਾਸਤ ਵਿਚ ਰਹੇਗਾ। ਆਈ ਹਿਟ ਵੱਲੋਂ ਲੋਕਾਂ ਅਪੀਲ ਕੀਤੀ ਕੀਤੀ ਗਈ ਹੈ ਕਿ ਜੇ ਕਿਸੇ ਕੋਲ ਇਸ ਵਾਰਦਾਤ ਬਾਰੇ ਕੋਈ ਜਾਣਕਾਰੀ ਹੋਵੇ ਤਾਂ 1877 551 ਆਈ ਹਿਟ 4448 'ਤੇ ਸੰਪਰਕ ਕੀਤਾ ਜਾਵੇ। ਦੱਸ ਦੇਈਏ ਕਿ ਹਰਿਆਣਾ ਦੇ ਕੁਰੂਕਸ਼ੇਤਰ ਜ਼ਿਲ੍ਹੇ ਵਿਚ ਪੈਂਦੇ ਪਿੰਡ ਠਸਕਾ ਮੀਰਾਜੀ ਨਾਲ ਸਬੰਧਤ ਸਿਮਰਨਜੀਤ ਕੌਰ ਦੇ ਬਿਜ਼ਨਸ ਮੈਨੇਜਮੈਂਟ ਕੋਰਸ ਦਾ ਆਖਰੀ ਸਮੈਸਟਰ ਚੱਲ ਰਿਹਾ ਸੀ ਅਤੇ ਪੜ੍ਹਾਈ ਮੁਕੰਮਲ ਹੋਣ ਮਗਰੋਂ ਉਸ ਨੂੰ ਵਰਕ ਪਰਮਿਟ ਮਿਲ ਜਾਂਦਾ। ਕੈਨੇਡਾ ਵਿਚ ਪੰਜਾਬੀ ਮੁੰਡੇ-ਕੁੜੀਆਂ ਦੇ ਕਤਲ ਦੀਆਂ ਵਾਰਦਾਤਾਂ ਲਗਾਤਾਰ ਸਾਹਮਣੇ ਆ ਰਹੀਆਂ ਹਨ। ਸਿਮਰਨਜੀਤ ਕੌਰ ਦੇ ਕਤਲ ਤੋਂ ਕੁਝ ਦਿਨ ਪਹਿਲਾਂ ਐਡਮਿੰਟਨ ਵਿਖੇ ਹਰਸ਼ਾਨਦੀਪ ਸਿੰਘ ਦਾ ਗੋਲੀਆਂ ਮਾਰ ਕੇ ਕਤਲ ਕਰ ਦਿਤਾ ਗਿਆ ਜਦਕਿ ਪਿਛਲੇ ਦਿਨੀਂ ਮਾਨਸਾ ਜ਼ਿਲ੍ਹੇ ਦੇ ਪਿੰਡ ਮੰਢਾਲੀ ਨਾਲ ਸਬੰਧਤ ਨਵਦੀਪ ਸਿੰਘ ਧਾਲੀਵਾਲ ਦਾ ਗੋਲੀਆਂ ਮਾਰ ਕੇ ਕਤਲ ਕਰ ਦਿਤਾ ਗਿਆ ਅਤੇ ਆਈ ਹਿਟ ਵੱਲੋਂ ਇਸ ਮਾਮਲੇ ਵਿਚ ਇਕ ਕੁੜੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਨਵਦੀਪ ਧਾਲੀਵਾਲ ਟਰੱਕ ਚਲਾਉਂਦਾ ਸੀ ਅਤੇ ਟੋਰਾਂਟੋ ਤੋਂ ਸਰੀ ਲੋਡ ਲੈ ਕੇ ਗਿਆ ਜਿਥੇ 30 ਅਪ੍ਰੈਲ ਨੂੰ ਲਾਪਤਾ ਹੋਣ ਦੀ ਰਿਪੋਰਟ ਸਾਹਮਣੇ ਆਈ ਅਤੇ ਦੋ ਦਿਨ ਬਾਅਦ ਸਰੀ ਪੁਲਿਸ ਨੇ ਗੁੰਮਸ਼ੁਦਗੀ ਦਾ ਮਾਮਲਾ ਆਈ ਹਿਟ ਨੂੰ ਸੌਂਪ ਦਿਤਾ।



# ਗਰੀਨ ਕਾਰਡ ਹੋਲਡਰਜ਼ ਨੂੰ ਟਰੰਪ ਸਰਕਾਰ ਦੀ ਨਵੀਂ ਚਿਤਾਵਨੀ

## ਮਹਿਮਾਨਾਂ ਵਾਂਗ ਰਹੋ, ਜ਼ਿਆਦਾ ਹਿਲਜੁਲ ਡਿਪੋਰਟ ਕਰਵਾ ਦੇਵੇਗੀ

ਵਾਸ਼ਿੰਗਟਨ, 9 ਮਈ (ਵਿਸ਼ੇਸ਼ ਪ੍ਰਤੀਨਿਧ) : ਅਮਰੀਕਾ ਦੇ ਇੰਮੀਗ੍ਰੇਸ਼ਨ ਵਿਭਾਗ ਵੱਲੋਂ ਗਰੀਨ ਕਾਰਡ ਹੋਲਡਰਜ਼ ਨੂੰ ਚਿਤਾਵਨੀ ਦਿਤੀ ਗਈ ਹੈ ਕਿ ਉਹ ਮੁਲਕ ਵਿਚ ਮਹਿਮਾਨ ਵਾਂਗ ਰਹਿਣ ਅਤੇ ਸਥਾਨਕ ਕਾਨੂੰਨ ਦੀ ਪਾਲਣਾ ਨਾ ਕਰਨ ਵਾਲਿਆਂ ਨੂੰ ਕਿਸੇ ਵੀ ਵੇਲੇ ਡਿਪੋਰਟ ਕੀਤਾ ਜਾ ਸਕਦਾ ਹੈ। ਸਿਟੀਜ਼ਨਸ਼ਿਪ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਵਿਭਾਗ ਨੇ ਕਿਹਾ ਕਿ ਗਰੀਨ ਕਾਰਡ ਸਿਰਫ਼ ਉਨ੍ਹਾਂ ਲੋਕਾਂ ਵਾਸਤੇ ਹਨ ਜੋ ਮੁਲਕ ਨੂੰ ਬਿਹਤਰ ਬਣਾਉਣ ਵਿਚ ਯੋਗਦਾਨ ਪਾਉਣ, ਜਿਹੜੇ ਲੋਕ ਸਾਡੇ ਕਾਨੂੰਨ ਅਤੇ ਕਦਰਾਂ ਕੀਮਤਾਂ ਦਾ ਸਤਿਕਾਰ ਨਹੀਂ ਕਰਦੇ, ਉਨ੍ਹਾਂ ਨੂੰ ਇਥੇ ਰਹਿਣ ਦਾ ਕੋਈ ਹੱਕ ਨਹੀਂ। ਅਮਰੀਕਾ ਨੂੰ ਸੁਰੱਖਿਅਤ ਰੱਖਣ ਵਾਸਤੇ ਚੌਕਸੀ ਬੇਹੱਦ ਜ਼ਰੂਰੀ ਹੈ ਅਤੇ ਚੰਗਾ ਹੋਵੇਗਾ ਜੇ ਤੁਸੀਂ ਵਿਵਾਦਾਂ ਤੋਂ ਦੂਰ ਰਹੋ। ਇਥੇ ਦਸਣਾ ਬਣਦਾ ਹੈ ਕਿ ਟਰੰਪ ਸਰਕਾਰ ਅਮਰੀਕਾ ਵਿਚ 'ਕੈਚ ਐਂਡ ਰੀਵੋਕ' ਨੀਤੀ ਲਾਗੂ ਕਰ ਚੁੱਕੀ ਹੈ ਅਤੇ ਇਸ ਅਧੀਨ ਗਰੀਨ ਕਾਰਡ ਵਾਲਿਆਂ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ। ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਨਵੀਂ ਨੀਤੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਅਮਰੀਕਾ ਵਿਚ ਮੌਜੂਦ ਕੋਈ ਵੀ ਸ਼ਖਸ ਜੋ ਇਥੋਂ ਦਾ ਨਾਗਰਿਕ ਨਹੀਂ, ਉਸ ਨੂੰ ਕਾਨੂੰਨ ਤੋੜਨ ਦੀ ਸਖ਼ਤ ਸਜ਼ਾ ਮਿਲੇਗੀ ਅਤੇ ਇੰਮੀਗ੍ਰੇਸ਼ਨ ਸਟੇਟਸ ਰੱਦ ਕਰ ਦਿਤਾ ਜਾਵੇਗਾ। ਦੱਸ ਦੇਈਏ ਕਿ ਅਤੀਤ ਵਿਚ ਗਰੀਨ ਕਾਰਡ ਰੱਦ ਹੋਣ 'ਤੇ ਅਦਾਲਤ ਵਿਚ ਚੁਣੌਤੀ ਦਿਤੀ ਜਾ ਸਕਦੀ ਸੀ ਪਰ ਹੁਣ ਅਜਿਹਾ ਕੋਈ ਰਾਹ ਖੁੱਲ੍ਹਾ ਨਹੀਂ ਰੱਖਿਆ ਗਿਆ। ਕੈਟੋ ਇੰਸਟੀਚਿਊਟ ਵਿਚ ਇੰਮੀਗ੍ਰੇਸ਼ਨ ਅਧਿਐਨ ਦੇ ਡਾਇਰੈਕਟਰ ਡੇਵਿਡ ਬਿਅਰ ਨੇ ਨਵੀਂ ਨੀਤੀ ਦੀ ਨੁਕਤਾਚੀਨੀ ਕਰਦਿਆਂ ਕਿਹਾ ਕਿ ਤੇਜ਼ ਰਫ਼ਤਾਰ ਗੱਡੀ ਚਲਾਉਣ 'ਤੇ ਮਿਲੀ ਟਿਕਟ ਵੀ ਤੁਹਾਡਾ ਗਰੀਨ ਕਾਰਡ ਰੱਦ ਕਰਵਾ ਸਕਦੀ ਹੈ ਜੋ ਬਿਲਕੁਲ ਵੀ ਵਾਜਬ ਨਹੀਂ। ਇਸ ਦੇ ਉਲਟ ਲੱਖਾਂ ਦੀ ਗਿਣਤੀ ਵਿਚ ਭਾਰਤੀ ਗਰੀਨ ਕਾਰਡ ਦੀ ਕਤਾਰ ਵਿਚ ਲੱਗੇ ਹੋਏ ਹਨ ਜਿਨ੍ਹਾਂ ਦਾ ਉਡੀਕ ਸਮਾਂ 50 ਸਾਲ ਤੋਂ ਵੱਧ ਦੱਸਿਆ ਜਾ ਰਿਹਾ ਹੈ। ਜਦੋਂ ਗਰੀਨ ਕਾਰਡ ਵਾਲਿਆਂ ਦਾ ਮਾੜਾ ਹਾਲ ਹੋ ਰਿਹਾ ਹੈ ਤਾਂ ਵਰਕ ਪਰਮਿਟ ਵਾਲੇ ਭਾਰਤੀ ਦੀ ਹਾਲਤ ਦਾ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਜਿਨ੍ਹਾਂ ਦੀ ਗਿਣਤੀ 12 ਲੱਖ ਤੋਂ ਵੱਧ ਦੱਸੀ ਜਾ ਰਹੀ ਹੈ।





# 911 ਦੀ ਦੁਰਵਰਤੋਂ ਬਾਰੇ ਪਹਿਲੀ ਸੂਬਾ-ਪੱਧਰੀ ਮੁਹਿੰਮ ਦਾ ਉਦਘਾਟਨ

ਬਰੈਂਪਟਨ- 911 ਸਰਵਿਸ ਦੀ ਦੁਰਵਰਤੋਂ ਖਿਲਾਫ ਨਵੀਂ ਅਤੇ ਪਹਿਲੀ ਸੂਬਾ-ਪੱਧਰੀ ਮੁਹਿੰਮ ਦਾ ਉਦਘਾਟਨ ਕੀਤਾ ਗਿਆ ਹੈ। ਇਸ ਮੁਹਿੰਮ ਦਾ ਉਦਘਾਟਨ ਐਮਰਜੰਸੀ ਸਰਵਿਸਜ਼ ਸਟੀਅਰਿੰਗ ਕਮੇਟੀ (ESSC) ਵਲੋਂ ਕੀਤਾ ਗਿਆ ਹੈ ਅਤੇ ਇਸ ਨੂੰ 'ਹਰ ਸੈਕੰਡ ਅਹਿਮ ਹੈ' (When Every Second Counts) ਦਾ ਨਾਂ ਦਿੱਤਾ ਗਿਆ ਹੈ। ਇਸ ਮੁਹਿੰਮ ਦਾ ਮਕਸਦ ਲੋਕਾਂ ਨੂੰ 911 ਸਰਵਿਸ ਦੀ ਵਰਤੋਂ ਬਾਰੇ ਜਾਗਰੂਕ ਕਰਨਾ ਹੈ ਤਾਂ ਜੋ ਗੈਰ-ਐਮਰਜੰਸੀ ਕੰਮਾਂ ਲਈ ਇਸ ਦੀ ਵਰਤੋਂ ਨੂੰ ਘਟਾਇਆ ਜਾ ਸਕਦੇ। ਇਸ ਤੋਂ ਇਲਾਵਾ ਲੋਕਾਂ ਨੂੰ ਬਦਲਵੇਂ ਗੈਰ-ਐਮਰਜੰਸੀ ਨੰਬਰਾਂ ਬਾਰੇ ਜਾਣਕਾਰੀ ਦੇਣਾ ਅਤੇ ਸਰਵਿਸ ਦੀ ਦੁਰਵਰਤੋਂ ਦੇ ਨਤੀਜਿਆਂ ਬਾਰੇ ਦੱਸਣਾ ਵੀ ਇਸ ਮੁਹਿੰਮ ਦਾ ਹਿੱਸਾ ਹੈ। ਐਮਰਜੰਸੀ ਸਰਵਿਸਜ਼ ਸਟੀਅਰਿੰਗ ਕਮੇਟੀ ਦੇ ਮੈਂਬਰ ਅਤੇ ਪੀਲ ਰੀਜਨ ਵਿਚ ਕਮਿਸ਼ਨਰ ਔਫ ਹੈਲਥ ਸਰਵਿਸਜ਼ ਨੈਂਸੀ ਪੌਲਸੀਨੈਲੀ ਨੇ ਕਿਹਾ, "911 ਅਜਿਹੀਆਂ ਐਮਰਜੰਸੀ ਸਥਿਤੀਆਂ ਵਾਸਤੇ ਹੈ, ਜਦੋਂ ਜਾਨ ਨੂੰ ਖਤਰਾ ਹੋਵੇ ਜਾਂ ਕੋਈ ਸਿਹਤ ਨਾਲ ਸੰਬੰਧਤ ਐਮਰਜੰਸੀ ਹੋਵੇ। ਪਰ ਪੂਰੇ ਸੂਬੇ ਵਿਚ ਹੀ ਲੋਕ ਇਸ ਵਾਸਤੇ ਵੀ 911 ਕਾਲ ਕਰਦੇ ਹਨ ਕਿ ਉਹ ਬੋਰ ਹੋ ਗਏ ਹਨ ਜਾਂ ਰੈਸਟੋਰੈਂਟ ਔਰਡਰ ਬਾਰੇ ਸ਼ਿਕਾਇਤ ਸੀ ਜਾਂ ਉਨ੍ਹਾਂ ਦਾ ਟੀਵੀ ਨਹੀਂ ਚੱਲ ਰਿਹਾ। ਇਸ ਤੋਂ ਇਲਾਵਾ ਗੈਰ-ਐਮਰਜੰਸੀ ਸੜਕ ਹਾਦਸਿਆਂ, ਮੈਡੀਕਲ ਸਮੱਸਿਆਵਾਂ ਅਤੇ ਬਾਇਲਾਅ ਮਸਲਿਆਂ ਬਾਰੇ ਵੀ ਕਾਲਾਂ ਕੀਤੀਆਂ ਜਾਂਦੀਆਂ ਹਨ, ਜਿੱਥੇ ਕਿ ਹੋਰ ਸੰਪਰਕ ਅਤੇ ਸਰੋਤ ਉਪਬਲਧ ਹੁੰਦੇ ਹਨ ਪਰ ਲੋਕਾਂ ਨੂੰ ਹੋ ਸਕਦਾ ਹੈ ਕਿ ਉਨ੍ਹਾਂ ਦਾ ਪਤਾ ਨਾ ਹੋਵੇ। ਜਦੋਂ ਅਜਿਹੇ ਕੰਮਾਂ ਲਈ 911 ਨੂੰ ਬਿਜ਼ੀ ਰੱਖਿਆ ਜਾਂਦਾ ਹੈ ਤਾਂ ਕਿਸੇ ਦੂਸਰੇ ਲਈ ਅਜਿਹੀ ਦੁਰਵਰਤੋਂ ਜਾਨ ਦਾ ਖਤਰਾ ਬਣ ਸਕਦੀ ਹੈ"।

ਪੂਰੇ ਓਨਟੇਰੀਓ ਵਿਚ 911 ਅਪਰੇਟਰਾਂ ਤੇ ਲਗਾਤਾਰ ਵਧ ਰਹੀਆਂ ਕਾਲਾਂ ਦਾ ਵੱਡਾ ਭਾਰ ਹੈ। ਓਨਟੇਰੀਓ ਵਿੱਚ ਕਈ ਪੁਲਿਸ ਸਰਵਿਸਜ਼ ਦਾ ਕਹਿਣਾ ਹੈ ਕਿ 911 ਕਾਲਾਂ ਦੀ ਮੰਗ ਤੇਜ਼ੀ ਨਾਲ ਵਧ ਰਹੀ ਹੈ, ਅਤੇ ਅੱਧ ਤੋਂ ਵੱਧ 911 ਕਾਲਾਂ ਗੈਰ-ਐਮਰਜੰਸੀ ਕਾਲਾਂ ਹਨ, ਜਿਨ੍ਹਾਂ ਵਿੱਚ ਜੇਬ-ਡਾਇਲ, ਹੈਂਗ- ਅੱਪ ਅਤੇ ਕਿੰਨੇ ਹੋਰ ਨਿਗੂਣੇ ਜਾਂ ਬੇਤੁਕੇ ਕਾਰਨ ਹੋ ਸਕਦੇ ਹਨ। ਓਨਟੇਰੀਓ ਦੇ ਸਲਿਸਟਰ ਜਨਰਲ ਮਾਣਯੋਗ ਮਾਈਕਲ ਐਸ ਕਰਜ਼ਨਰ ਨੇ ਕਿਹਾ, " ਕੁੱਝ ਸੁਧਾਰਾਂ ਦੇ ਬਾਵਜੂਦ 911 ਦੀ ਦੁਰਵਰਤੋਂ ਅਤੇ ਕਿਸ ਹਾਲਤ ਵਿਚ ਕਿਹੜਾ ਨੰਬਰ ਡਾਇਲ ਕਰਨਾ ਹੈ, ਉਸ ਬਾਰੇ ਜਾਣਕਾਰੀ ਦੀ ਘਾਟ ਅਜੇ ਵੀ ਇਕ ਚੁਣੌਤੀ ਬਣਿਆ ਹੋਇਆ ਹੈ। ਇਹ ਮੁਹਿੰਮ ਲੋਕਾਂ ਨੂੰ ਇਹ ਜਾਣਕਾਰੀ ਅਤੇ ਸਰੋਤ ਪ੍ਰਦਾਨ ਕਰਦੀ ਹੈ ਕਿ ਕਦੋਂ ਤੇ ਕਿਸ ਨੂੰ ਕਾਲ ਕਰਨਾ ਹੈ ਤਾਂ ਕਿ ਉਨ੍ਹਾਂ ਨੂੰ ਸਹੀ ਸਹਾਇਤਾ ਮਿਲ ਸਕੇ। ਸਾਨੂੰ ਪਤਾ ਹੈ ਕਿ ਵੱਡੀ ਗਿਣਤੀ ਵਿੱਚ ਓਨਟੇਰੀਓ ਵਾਸੀ ਸਹੀ ਕੰਮ ਕਰਨਾ ਚਾਹੁੰਦੇ ਹਨ ਅਤੇ ਲਾਈਨਾਂ ਖੁੱਲ੍ਹੀਆਂ ਰੱਖਣਾ ਚਾਹੁੰਦੇ ਹਨ ਤਾਂ ਜੋ ਲੋੜ ਪੈਣ ਤੇ ਸਾਨੂੰ ਮਦਦ ਮਿਲ ਸਕੇ"।

ਮੁਹਿੰਮ ਬਾਰੇ ਜ਼ਿਆਦਾ ਜਾਣਕਾਰੀ ਲਈ ਦੇਖੋ: https://www.wheneverysecondcounts.ca/




ਬਾਬਾ ਬੰਗਾਲੀ ਜੀ
ਹਰ ਪਰਮਾਨ ਦਾ ਹੱਲ ਪਾਓ
100% ਗਰੰਟੀ ਨਾਲ
ਤਕਦੀਰ ਕਦੋਂ ਬਦਲੇਗੀ ਤੁਹਾਡੀ ? ਹੁਣੇ ਫੋਨ ਕਰੋ
GET SOLUTION OF ALL LIFE PROBLEMS - LOVE MARRIAGE, FAMILY, WIFE-HUSBAND DISPUTES, BUSINESS Etc.
ਪ੍ਰੇਮ ਵਿਆਹ, ਦੁਸ਼ਮਣ, ਪਤੀ-ਪਤਨੀ ਦਾ ਝਗੜਾ, ਵਿਆਹ, ਕਾਰੋਬਾਰ ਵਿਚ ਘਾਟਾ, ਤਲਾਕ, ਮੁਕੱਦਮਾ ਆਦਿ।

+91-88659-43476

SAMOSA SWEET FACTORY
ਮਿਠਿਆਈਆਂ ਤੇ ਸਮੋਸਿਆਂ ਦਾ
ਸਭ ਤੋਂ ਵੱਡਾ ਭੰਡਾਰ
ਸਮੋਸਾ ਸਵੀਟ ਫੈਕਟਰੀ
ਤੋਂ ਦੁਨੀਆ ਭਰ 'ਚ ਥੋਕ ਦੇ ਭਾਅ ਮਿਠਿਆਈਆਂ, ਸਮੋਸੇ ਤੇ ਆਪਣੇ ਟੇਸਟ' ਤੇ ਡੱਬਾ ਬੰਦ ਵੱਖ-ਵੱਖ ਤਰ੍ਹਾਂ ਦੀਆਂ ਮਿਠਿਆਈਆਂ ਤਿਆਰ ਕੀਤੀਆਂ ਜਾਦੀਆਂ ਹਨ। 35 ਸਾਲ ਤੋਂ ਵੀ ਵੱਧ ਸਮੇਂ ਤੋਂ ਭਾਈਚਾਰੇ ਨੂੰ ਸੇਵਾਵਾ ਦੇ ਰਹੇ ਹਾਂ। ਵਿਆਹ-ਜਨਮਦਿਨ ਤੇ ਹੋਰ ਖੁਸ਼ੀ ਦੇ ਮੌਕਿਆਂ ਲਈ ਫੈਕਟਰੀ 'ਚ ਪੁੱਜ ਕੇ ਰੋਜ਼ਾਨਾ ਸਵੇਰੇ 8 ਵਜੇ ਤੋਂ ਰਾਤ ਦੇ 8 ਵਜੇ ਤੱਕ ਤਾਜ਼ਾ ਸਾਮਾਨ ਖਰੀਦ ਸਕਦੇ ਹੋ।

ਫੈਕਟਰੀ ਦੀਆਂ ਬਰੈਂਪਟਨ 'ਚ ਦੋ ਹੋਰ ਲੋਕੇਸ਼ਨਾਂ ਬਰੈਮਲੀ ਤੇ ਸੈਂਡਲਵੁਡ, ਏਅਰਪੋਰਟ ਤੇ ਕੰਟਰੀ ਸਾਈਡ ਤੇ 'ਚਲੋ ਫਰੈਸ਼ਕੋ' ਦੇ ਅੰਦਰ ਜਾ ਸਕਦੇ ਹੋ।
ਹੋਰ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 1850 Albion Road , Toronto
info@samosasweetfactory.com 1-416-213-1165 www.samosasweetfactory.com

Visit State of the Art Dental Tourism Hub
RANBAJ HOSPITAL
Ranbaj Canada Corporate Services Inc.
7900, Hurontario Street Suite 303, Brampton ON 16Y 0P6, Canada
Off.+1-(647) 622-8065,+1-(905) 860-0156, Call: +1-(647) 625-0072

Dr. Ranbaj Singh Maan BDS. FICOI, DICOI (USA) Chief Oprating Officer Ranbaj Canada Corporate Services Inc.
RANBAJ HOSPITAL
Plot No 1599, Sector 82, Sahibzada Ajit Singh Nagar, Mohali - 140308
+91 941 750 0007, +91 977 900 0552 Email: info@ranbaj.in
Welcomes NRI'S
www.ranbaj.ca
www.ranbaj.in
ਟੌਪ ਮੈਡੀਕਲ ਯੂਨੀਵਰਸਿਟੀ-ਯੇਲ ਯੂਨੀਵਰਸਿਟੀ, ਕਨੈਕਟੀਕਟ, ਯੂ ਐੱਸ ਏ ਤੋਂ ਇੰਟਰਨੈਸ਼ਨਲ ਟਰੇਂਡ ਡੈਂਟਿਸਟ
*ਮੋਹਾਲੀ, ਪੰਜਾਬ ਦੇ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਨੇੜੇ, ਉੱਚ ਦਰਜੇ ਦੇ ਇਸ ਵਿਲੱਖਣ ਡੈਂਟਲ ਹਸਪਤਾਲ, ਖੁੱਲ੍ਹਣ ਨਾਲ ਐਨ ਆਰ ਆਇ. ਭਾਈਚਾਰੇ ਵਿੱਚ ਡੈਂਟਲ ਟੂਰਿਜ਼ਮ ਦਾ ਬਹੁਤ ਉਤਸ਼ਾਹ।
*ਘੱਟ ਰੇਟਾਂ ਤੇ ਵਰਲਡ ਕਲਾਸ ਡੈਂਟਲ ਸੇਵਾਵਾਂ ਮੁਹੱਈਆ ਹਨ।
*ਪ੍ਰਵਾਸੀ ਭਾਰਤੀਆਂ ਵਾਸਤੇ ਦੰਦ ਲਗਾਉਣ ਦੇ ਖ਼ਾਸ ਪੈਕੇਜ।
*24 ਘੰਟੇ ਵਿੱਚ ਇੰਗਲੈਂਡ ਅਤੇ ਫਿਕਸ ਦੰਦ ਲਗਾਉਣ ਦੀ ਮਹੂਰਤ
ਹਸਪਤਾਲ ਵਿਚ ਅਰਾਮ ਦਾ ਇਕ ਰਿਹਾਇਸ਼ ਲਈ ਹੇਠ ਲਿਖੇ ਵਰਲਡ ਕਲਾਸ ਸੇਵਾਵਾਂ ਉਪਲਬਧ ਹਨ
ਪ੍ਰਵਾਸੀ ਭਾਰਤੀਆਂ ਲਈ ਫਾਈਵ ਸਟਾਰ ਰਿਹਾਇਸ਼ ਅਤੇ ਖਾਣ-ਪੀਣ ਦੀਆਂ ਸਹੂਲਤਾਂ।
ਮੋਹਾਲੀ ਅੰਤਰਰਾਸ਼ਟਰੀ ਅੱਡੇ ਤੋਂ ਲਿਆਉਣ ਅਤੇ ਛੱਡਣ ਦੇ ਉਚੇਚੇ ਤੌਰ ਉੱਤੇ ਪ੍ਰਬੰਧ ਹਨ
ਸਾਰੇ ਟਰੀਟਮੈਂਟ ਖ਼ਾਸ ਕਰ ਡੈਂਟਲ ਇੰਗਲੈਂਡ ਦੀ ਲਾਈਫ਼ ਟਾਈਮ ਗਰੰਟੀ
ਇਕ ਹਫ਼ਤੇ ਵਿੱਚ ਪੂਰੇ ਮੂੰਹ ਦੇ ਫਿਕਸ ਦੰਦ ਲਾਉਣ ਦੀ ਖ਼ਾਸ ਤਕਨੀਕ

# ਕੈਨੇਡਾ ਵਿਚ 20,245 ਵਿਦਿਆਰਥੀਆਂ ਨੇ ਮੰਗੀ ਪਨਾਹ

## 2023 ਦੇ ਮੁਕਾਬਲੇ ਵਿਚ 2024 ਵਿਚ ਦੁੱਗਣੀ ਹੋਈ ਗਿਣਤੀ, ਅਸਾਇਲਮ ਕਲੇਮ ਕਰਨ ਵਾਲਿਆਂ ਵਿਚ ਹਜ਼ਾਰਾਂ ਪੰਜਾਬੀ


ਟੋਰਾਂਟੋ, 13 ਮਈ (ਵਿਸ਼ੇਸ਼ ਪ੍ਰਤੀਨਿਧ) : ਕੈਨੇਡਾ ਪੜ੍ਹਨ ਆਏ ਹਜ਼ਾਰਾਂ ਪੰਜਾਬੀ ਮੁੰਡੇ-ਕੁੜੀਆਂ ਦਾ ਰੱਬ ਹੀ ਰਾਖਾ ਹੈ ਜਿਨ੍ਹਾਂ ਨੇ ਪਰਮਾਨੈਂਟ ਰੈਜ਼ੀਡੈਂਸੀ ਮਿਲਣ ਦੀ ਆਖਰੀ ਉਮੀਦ ਖਤਮ ਹੋਣ ਮਗਰੋਂ ਅਸਾਇਲਮ ਦੇ ਦਾਅਵੇ ਕਰ ਦਿਤੇ। ਜੀ ਹਾਂ, ਕੌਮਾਂਤਰੀ ਵਿਦਿਆਰਥੀਆਂ ਨੇ ਸਾਰੇ ਰਿਕਾਰਡ ਤੋੜਦਿਆਂ 2024 ਦੌਰਾਨ ਕੈਨੇਡਾ ਵਿਚ ਪਨਾਹ ਦੇ 20,245 ਦਾਅਵੇ ਦਾਖਲ ਕੀਤੇ ਅਤੇ ਇਨ੍ਹਾਂ ਵਿਚੋਂ ਵੱਡੀ ਗਿਣਤੀ ਪੰਜਾਬੀਆਂ ਦੀ ਹੈ। ਕੈਨੇਡਾ ਸਰਕਾਰ ਵੱਲੋਂ ਸਟੱਡੀ ਵੀਜ਼ਿਆਂ ਦੀ ਗਿਣਤੀ ਘਟਾਏ ਜਾਣ ਦੇ ਬਾਵਜੂਦ ਪਨਾਹ ਮੰਗਣ ਵਾਲਿਆਂ ਦੀ ਗਿਣਤੀ ਵਧਦੀ ਜਾ ਰਹੀ ਹੈ ਅਤੇ ਇੰਮੀਗ੍ਰੇਸ਼ਨ ਮਾਹਰਾਂ ਮੁਤਾਬਕ ਮੌਜੂਦਾ ਵਰ੍ਹੇ ਦੌਰਾਨ ਇਹ ਅੰਕੜਾ 30 ਹਜ਼ਾਰ ਤੋਂ ਟੱਪ ਸਕਦਾ ਹੈ। 2025 ਦੇ ਪਹਿਲੇ ਤਿੰਨੇ ਮਹੀਨੇ ਦੌਰਾਨ ਸਾਢੇ ਪੰਜ ਹਜ਼ਾਰ ਤੋਂ ਵੱਧ ਕੌਮਾਂਤਰੀ ਵਿਦਿਆਰਥੀ ਅਸਾਲਿਮ ਦਾ ਦਾਅਵਾ ਦਾਖਲ ਕਰ ਚੁੱਕੇ ਹਨ ਅਤੇ 2024 ਦੇ ਪਹਿਲੇ ਤਿੰਨ ਮਹੀਨਿਆਂ ਦੇ ਮੁਕਾਬਲੇ ਇਹ ਗਿਣਤੀ 22 ਫ਼ੀ ਸਦੀ ਵੱਧ ਬਣਦੀ ਹੈ। ਇੰਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਮੰਤਰਾਲੇ ਦੇ ਅੰਕੜਿਆਂ ਨੂੰ ਡੂੰਘਾਈ ਨੇ ਦੇਖਿਆ ਜਾਵੇ ਤਾਂ 2023 ਦੇ ਮੁਕਾਬਲੇ 2024 ਦੌਰਾਨ ਪਨਾਹ ਮੰਗਣ ਵਾਲਿਆਂ ਦੀ ਗਿਣਤੀ ਦੁੱਗਣੀ ਹੋ ਗਈ ਜਦਕਿ 2019 ਦੇ ਮੁਕਾਬਲੇ ਇਹ ਅੰਕੜਾ ਛੇ ਗੁਣਾ ਵੱਧ ਬਣਦਾ ਹੈ। ਇੰਮੀਗ੍ਰੇਸ਼ਨ ਵਕੀਲਾਂ ਦਾ ਕਹਿਣਾ ਹੈ ਕਿ ਪੀ.ਆਰ. ਮਿਲਣ ਦਾ ਰਾਹ ਬੇਹੱਦ ਔਖਾ ਹੋ ਚੁੱਕਾ ਹੈ ਜਿਸ ਦੇ ਮੱਦੇਨਜ਼ਰ ਕੌਮਾਂਤਰੀ ਵਿਦਿਆਰਥੀ ਬਦਲਵੇਂ ਤਰੀਕਿਆਂ ਵੱਲ ਦੌੜ ਰਹੇ ਹਨ। ਚੋਣਾਂ ਵਿਚ ਜਿੱਤ ਮਗਰੋਂ ਪਹਿਲੀ ਪ੍ਰੈਸ ਕਾਨਫਰੰਸ ਦੌਰਾਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਆਪਣਾ ਵਾਅਦਾ ਦੁਹਰਾਇਆ ਕਿ ਆਰਜ਼ੀ ਕਾਮਿਆਂ ਅਤੇ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਕੈਨੇਡਾ ਦੀ ਕੁਲ ਵਸੋਂ ਦਾ ਪੰਜ ਫ਼ੀ ਸਦੀ 'ਤੇ ਲਿਆਂਦੀ ਜਾਵੇਗੀ ਜੋ ਇਸ ਵੇਲੇ 7 ਫ਼ੀ ਸਦੀ ਦੇ ਨੇੜੇ ਚੱਲ ਰਹੀ ਹੈ। ਮਾਰਕ ਕਾਰਨੀ ਅੱਜ ਆਪਣੇ ਮੰਤਰੀ ਮੰਡਲ ਦਾ ਐਲਾਨ ਕਰ ਰਹੇ ਹਨ ਅਤੇ ਕੈਨੇਡਾ ਨੂੰ ਨਵਾਂ ਇੰਮੀਗ੍ਰੇਸ਼ਨ ਮੰਤਰੀ ਵੀ ਮਿਲੇਗਾ।




ਔਟਵਾ ਦੇ ਇੰਮੀਗ੍ਰੇਸ਼ਨ ਵਕੀਲ ਵੌਰਨ ਕ੍ਰੀਏਟਸ ਦਾ ਮੰਨਣਾ ਹੈ ਕਿ ਮਾਰਕ ਕਾਰਨੀ ਇੰਮੀਗ੍ਰੇਸ਼ਨ ਅੰਕੜੇ ਘਟਾਉਣ ਦੇ ਭਾਰੀ ਭਰਕਮ ਦਬਾਅ ਵਿਚੋਂ ਲੰਘ ਰਹੇ ਹਨ ਅਤੇ ਇਸ ਤੋਂ ਬਗੈਰ ਉਨ੍ਹਾਂ ਦੀ ਸਰਕਾਰ ਦਾ ਗੁਜ਼ਾਰਾ ਨਹੀਂ ਹੋਣਾ। ਉਨ੍ਹਾਂ ਕਿਹਾ ਕਿ ਕੈਨੇਡਾ ਦੇ ਹੈਲਥ ਕੇਅਰ ਸੈਕਟਰ ਵਿਚ ਸੰਕਟ ਹੈ, ਹਾਊਸਿੰਗ ਸੈਕਟਰ ਵੀ ਮਾਰ ਹੇਠ ਹੈ ਅਤੇ ਹੋਰ ਕਈ ਸਮੱਸਿਆਵਾਂ ਦਾ ਟਾਕਰਾ ਕਰਨਾ ਪੈ ਰਿਹਾ ਹੈ। ਇਥੇ ਦਸਣਾ ਬਣਦਾ ਹੈ ਕਿ ਕੈਨੇਡਾ ਸਰਕਾਰ ਵੱਲੋਂ ਪਿਛਲੇ ਸਾਲ ਸਟੱਡੀ ਵੀਜ਼ਿਆਂ ਵਿਚ 40 ਫ਼ੀ ਸਦੀ ਕਟੌਤੀ ਕਰਦਿਆਂ ਇਨ੍ਹਾਂ ਨੂੰ 3 ਲੱਖ 60 ਹਜ਼ਾਰ ਸਾਲਾਨਾ ਦੇ ਨੇੜੇ ਲਿਆਂਦਾ ਗਿਆ। ਸਿਰਫ਼ ਐਨਾ ਹੀ ਨਹੀਂ ਸਟੱਡੀ ਵੀਜ਼ੇ 'ਤੇ ਆਉਣ ਵਾਲਿਆਂ ਦੇ ਜੀਵਨ ਸਾਥੀ ਨੂੰ ਵਰਕ ਪਰਮਿਟ ਤੋਂ ਵਾਂਝਾ ਕਰ ਦਿੱਤਾ ਗਿਆ। ਉਸ ਵੇਲੇ ਕਈ ਕੈਨੇਡੀਅਨ ਵਿਦਿਅਕ ਅਦਾਰਿਆਂ ਨੂੰ ਡਿਪਲੋਮਾ ਮਿਲਜ਼ ਦਾ ਨਾਂ ਵੀ ਦਿੱਤਾ ਗਿਆ ਜੋ ਸਿਰਫ਼ ਅਤੇ ਸਿਰਫ਼ ਕਾਗਜ਼ ਦੇ ਸਰਟੀਫ਼ਿਕੇਟ ਮੁਹੱਈਆ ਕਰਵਾ ਰਹੇ ਸਨ। 2024 ਦੌਰਾਨ ਸਭ ਤੋਂ ਵੱਧ ਅਸਾਇਲਮ ਕਲੇਮ ਕੌਨੈਸਟੋਗਾ ਕਾਲਜ ਵੱਲੋਂ ਆਏ ਅਤੇ 720 ਵਿਦਿਆਰਥੀਆਂ ਨੇ ਕੈਨੇਡਾ ਵਿਚ ਪਨਾਹ ਮੰਗੀ। ਸੈਨੇਕਾ ਕਾਲਜ ਆਫ਼ ਅਪਲਾਈਡ ਆਰਟਸ ਐਂਡ ਟੈਕਨਾਲੋਜੀ ਦੇ 60 ਵਿਦਿਆਰਥੀਆਂ ਨੇ ਅਸਾਇਲਮ ਕਲੇਮ ਦਾਖਲ ਕੀਤੇ ਜਦਕਿ ਯੂਨੀਵਰਸਿਟੀ ਆਫ਼ ਕਿਊਬੈਕ ਤੋਂ 500 ਦਾਅਵੇ ਆਏ। ਇਸੇ ਤਰ੍ਹਾਂ ਨਿਆਗਰਾ ਕਾਲਜ ਦੇ 495 ਵਿਦਿਆਰਥੀਆਂ ਨੇ ਅਸਾਇਲਮ ਕਲੇਮ ਕੀਤਾ ਜਦਕਿ ਕਾਲਜ ਐਲਿਸ ਦੇ 475 ਵਿਦਿਆਰਥੀ ਨੇ ਕੈਨੇਡਾ ਵਿਚ ਪਨਾਹ ਮੰਗੀ। ਉਧਰ ਇੰਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਮੰਤਰਾਲੇ ਦੇ ਇਕ ਬੁਲਾਰੇ ਨੇ ਕਿਹਾ ਕਿ ਕੌਮਾਂਤਰੀ ਦਾਖਲਿਆਂ ਵਿਚ ਕਟੌਤੀ ਦਾ ਮੁਕੰਮਲ ਅਸਰ ਹਾਲੇ ਨਜ਼ਰ ਆਉਣਾ ਬਾਕੀ ਹੈ।

# ਅਮਰੀਕਾ ਵਿਚ 2 ਭਾਰਤੀ ਵਿਦਿਆਰਥੀਆਂ ਦੀ ਮੌਤ

ਕਲੀਵਲੈਂਡ, 13 ਮਈ (ਵਿਸ਼ੇਸ਼ ਪ੍ਰਤੀਨਿਧ) : ਅਮਰੀਕਾ ਵਿਚ ਵਾਪਰੇ ਹੌਲਨਾਕ ਹਾਦਸੇ ਦੌਰਾਨ ਦੋ ਭਾਰਤੀ ਵਿਦਿਆਰਥੀਆਂ ਦੀ ਮੌਤ ਹੋ ਗਈ ਅਤੇ ਇਕ ਹੋਰ ਗੰਭੀਰ ਜ਼ਖਮੀ ਹੋ ਗਿਆ। ਵਿਦਿਆਰਥੀਆਂ ਦੀ ਸ਼ਨਾਖਤ 20 ਸਾਲ ਦੇ ਮਾਨਵ ਪਟੇਲ ਅਤੇ 23 ਸਾਲ ਦੇ ਸੌਰਵ ਪ੍ਰਭਾਕਰ ਵਜੋਂ ਕੀਤੀ ਗਈ ਹੈ ਜੋ ਕਲੀਵਲੈਂਡ ਸਟੇਟ ਯੂਨੀਵਰਸਿਟੀ ਵਿਚ ਪੜ੍ਹਦੇ ਸਨ। ਹਾਦਸਾ ਪੈਨਸਿਲਵੇਨੀਆ ਵਿਚ ਵਾਪਰਿਆ ਜਦੋਂ ਭਾਰਤੀ ਵਿਦਿਆਰਥੀਆਂ ਦੀ ਗੱਡੀ ਬੇਕਾਬੂ ਹੋ ਕੇ ਦਰੱਖਤ ਵਿਚ ਜਾ ਵੱਜੀ। ਗੱਡੀ ਵਿਚ ਸਵਾਰ ਦੋ ਜਣਿਆਂ ਨੇ ਮੌਕੇ 'ਤੇ ਹੀ ਦਮ ਤੋੜ ਦਿਤਾ ਜਦਕਿ ਤੀਜੇ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪੈਨਸਿਲਵੇਨੀਆ ਸਟੇਟ ਪੁਲਿਸ ਨੇ ਦੱਸਿਆ ਕਿ ਦਰੱਖਤ ਨਾਲ ਟਕਰਾਉਣ ਮਗਰੋਂ ਗੱਡੀ ਇਕ ਪੁਲ ਨਾਲ ਵੀ ਟਕਰਾਈ। ਪੁਲਿਸ ਮੁਤਾਬਕ ਗੱਡੀ ਸੌਰਵ ਪ੍ਰਭਾਕਰ ਚਲਾ ਰਿਹਾ ਸੀ ਜਦਕਿ ਮਾਨਵ ਪਟੇਲ ਪਿਛਲੀ ਸੀਟ 'ਤੇ ਬੈਠਾ ਸੀ। ਸੌਰਵ ਪ੍ਰਭਾਕਰ ਦੇ ਨਾਲ ਬੈਠੇ ਵਿਦਿਆਰਥੀ ਦੀ ਹਾਲਤ ਫ਼ਿਲਹਾਲ ਸਥਿਰ ਦੱਸੀ ਜਾ ਰਹੀ ਹੈ। ਲੈਨਕੈਸਟਰ ਕਾਊਂਟੀ ਦੇ ਕੋਰੋਨਰ ਦਫ਼ਤਰ ਨੇ ਦੱਸਿਆ ਕਿ ਸਰੀਰ ਦੇ





ਵੱਖ ਵੱਖ ਅੰਗਾਂ 'ਤੇ ਡੂੰਘੀਆਂ ਸੱਟਾਂ ਵੱਜਣ ਕਾਰਨ ਮਾਨਵ ਪਟੇਲ ਅਤੇ ਸੌਰਵ ਪ੍ਰਭਾਕਰ ਦੀ ਮੌਤ ਹੋਈ ਅਤੇ ਇਸ ਮਾਮਲੇ ਨੂੰ ਸ਼ੱਕੀ ਨਹੀਂ ਮੰਨਿਆ ਜਾ ਰਿਹਾ। ਪੁਲਿਸ ਵੱਲੋਂ ਹਾਦਸੇ ਦੇ ਕਾਰਨਾਂ ਦੀ ਪੜਤਾਲ ਕੀਤੀ ਜਾ ਰਹੀ ਹੈ। ਉਧਰ ਨਿਊ ਯਾਰਕ ਸਥਿਤ ਭਾਰਤੀ ਕੌਂਸਲੇਟ ਵੱਲੋਂ ਹਾਦਸੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਗਿਆ ਹੈ ਕਿ ਉਹ ਪੀੜਤ ਪਰਵਾਰਾਂ ਦੇ ਲਗਾਤਾਰ ਸੰਪਰਕ ਵਿਚ ਹੈ। ਕੌਂਸਲੇਟ ਨੇ ਕਿਹਾ ਕਿ ਪੀੜਤ ਪਰਵਾਰਾਂ ਨੂੰ ਹਰ ਸੰਭਵ ਸਹਾਇਤਾ ਮੁਹੱਈਆ ਕਰਵਾਈ ਜਾਵੇਗੀ।

# ਅਮਰੀਕਾ ਵਿਚ 80 ਫ਼ੀ ਸਦੀ ਤੱਕ ਸਸਤੀਆਂ ਹੋਣਗੀਆਂ ਦਵਾਈਆਂ

## ਦੁਨੀਆਂ ਵਿਚ ਸਭ ਤੋਂ ਮਹਿੰਗੀਆਂ ਦਵਾਈਆਂ ਅਮਰੀਕਾ ਵਿਚ

ਵਾਸ਼ਿੰਗਟਨ, 12 ਮਈ (ਵਿਸ਼ੇਸ਼ ਪ੍ਰਤੀਨਿਧ) : ਅਮਰੀਕਾ ਦੇ ਲੋਕਾਂ ਨੂੰ ਵੱਡੀ ਰਾਹਤ ਦਿੰਦਿਆਂ ਰਾਸ਼ਟਰਪਤੀ ਡੌਨਲਡ ਟਰੰਪ ਨੇ ਦਵਾਈਆਂ ਦੀਆਂ ਕੀਮਤਾਂ ਵਿਚ 80 ਫ਼ੀ ਸਦੀ ਤੱਕ ਕਮੀ ਲਿਆਉਣ ਦਾ ਐਲਾਨ ਕੀਤਾ ਹੈ। ਜੀ ਹਾਂ, ਸੋਮਵਾਰ ਸਵੇਰੇ ਡੌਨਲਡ ਟਰੰਪ ਕਾਰਜਕਾਰੀ ਹੁਕਮਾਂ 'ਤੇ ਦਸਤਖ਼ਤ ਕਰ ਦੇਣਗੇ ਅਤੇ ਅਮਰੀਕਾ ਦੇ ਇਤਿਹਾਸ ਵਿਚ ਪਹਿਲੀ ਵਾਰ ਸਸਤੀਆਂ ਦਵਾਈਆਂ ਦਾ ਰਾਹ ਪੱਧਰਾ ਹੋਵੇਗਾ। ਸੋਸ਼ਲ ਮੀਡੀਆ ਰਾਹੀਂ ਟਿੱਪਣੀ ਕਰਦਿਆਂ ਟਰੰਪ ਨੇ ਕਿਹਾ ਕਿ ਦੁਨੀਆਂ ਦੇ ਕਿਸੇ ਵੀ ਹੋਰ ਮੁਲਕ ਦੇ ਮੁਕਾਬਲੇ ਅਮਰੀਕਾ ਵਿਚ ਦਵਾਈਆਂ ਦਾ ਭਾਅ ਬਹੁਤ ਜ਼ਿਆਦਾ ਹੈ। ਮੁਲਕ ਦੇ ਲੋਕ 5 ਤੋਂ 10 ਗੁਣਾ ਮਹਿੰਗੀਆਂ ਦਵਾਈਆਂ ਖਰੀਦਣ ਲਈ ਮਜਬੂਰ ਹਨ ਜਦਕਿ ਬਿਲਕੁਲ ਉਹੀ ਦਵਾਈਆਂ ਹੋਰਨਾਂ ਮੁਲਕਾਂ ਵਿਚ ਬੇਹੱਦ ਵਾਜਬ ਮੁੱਲ 'ਤੇ ਵਿਕਦੀਆਂ ਨਜ਼ਰ ਆਉਂਦੀਆਂ ਹਨ। ਰਾਸ਼ਟਰਪਤੀ ਨੇ ਅੱਗੇ ਕਿਹਾ ਕਿ ਫਰਮਾਸੂਟੀਕਲ ਕੰਪਨੀਆਂ ਕਈ ਵਰ੍ਹਿਆਂ ਤੋਂ ਇਹ ਦਲੀਲ ਦਿੰਦੀਆਂ ਆ ਰਹੀਆਂ ਹਨ ਕਿ ਖੋਜ ਕਾਰਜਾਂ 'ਤੇ ਵੱਡੀ ਰਕਮ ਖਰਚ ਹੁੰਦੀ ਹੈ ਪਰ ਖੋਜ ਕਾਰਜਾਂ ਦਾ ਖਰਚਾ ਪੂਰਾ ਕਰਨ ਲਈ ਸਿਰਫ਼ ਅਮਰੀਕਾ ਵਾਲਿਆਂ ਦਾ ਖ਼ੂਨ ਨਹੀਂ ਚੂਸਿਆ ਜਾ ਸਕਦਾ।

ਟਰੰਪ ਨੇ ਦੋਸ਼ ਲਾਇਆ ਕਿ ਡੈਮੋਕ੍ਰੈਟਿਕ ਪਾਰਟੀ ਨੇ ਫਾਰਮਾਸੂਟੀਕਲ ਕੰਪਨੀਆਂ ਨਾਲ ਸੌਦੇਬਾਜ਼ੀ ਕੀਤੀ ਅਤੇ ਮਨਮਰਜ਼ੀ ਦੀਆਂ ਕੀਮਤਾਂ 'ਤੇ ਦਵਾਈਆਂ ਵੇਚਣ ਦੇ ਇਵਜ਼ ਵਿਚ ਚੋਣ ਪ੍ਰਚਾਰ ਦੌਰਾਨ ਖਰਚਾ ਕਰਵਾਇਆ। ਆਰਥਿਕ ਮਾਹਰਾਂ ਅਤੇ ਸਿਹਤ ਖੇਤਰ ਦੇ ਜਾਣਕਾਰਾਂ ਦਾ ਕਹਿਣਾ ਹੈ ਕਿ ਟਰੰਪ ਦੀ ਨਵੀਂ ਨੀਤੀ ਨਾਲ ਦੁਨੀਆਂ ਦੇ ਵੱਖ ਵੱਖ ਮੁਲਕਾਂ ਵਿਚ ਦਵਾਈਆਂ ਦੇ ਭਾਅ ਵਧ ਸਕਦੇ ਹਨ। ਡੌਨਲਡ ਟਰੰਪ ਨੇ ਸੋਸ਼ਲ ਮੀਡੀਆ ਪੋਸਟ ਵਿਚ ਲਿਖਿਆ ਕਿ ਅਮਰੀਕਾ ਵਿਚ ਹੈਲਥ ਕੇਅਰ ਦਾ ਖਰਚਾ ਐਨਾ ਹੇਠਾਂ ਆ ਜਾਵੇਗਾ ਜਿੰਨਾ ਕਿਸੇ ਨੇ ਅੱਜ ਤੱਕ ਸੋਚਿਆ ਵੀ ਨਹੀਂ ਹੋਣਾ। ਇਥੇ ਦਸਣਾ ਬਣਦਾ ਹੈ ਕਿ ਅਮਰੀਕਾ ਵਿਚ 9 ਕਰੋੜ ਤੋਂ ਵੱਧ ਬਾਲਗਾਂ ਨੂੰ ਮਿਆਰੀ ਸਿਹਤ ਸਹੂਲਤਾਂ ਨਹੀਂ ਮਿਲਦੀਆਂ। ਮੁਲਕ ਦੀ 30 ਕਰੋੜ ਤੋਂ ਵੱਧ ਆਬਾਦੀ ਕੋਲ ਹੈਲਥ ਇੰਸ਼ੋਰੈਂਸ ਮੌਜੂਦ ਹੈ ਪਰ ਢਾਈ ਕਰੋੜ ਤੋਂ ਵੱਧ ਲੋਕਾਂ ਕੋਲ ਸਿਹਤ ਬੀਮਾ ਨਾ ਹੋਣ ਕਾਰਨ ਹਸਪਤਾਲਾਂ ਦੇ ਬਿਲ ਜੇਬ ਵਿਚੋਂ ਅਦਾ ਕਰਨੇ ਪੈਂਦੇ ਹਨ। ਹਰ 10 ਵਿਚੋਂ ਚਾਰ ਲੋਕਾਂ ਨੂੰ ਮੈਡੀਕਲ ਜਾਂ ਡੈਂਟਰ ਕੇਅਰ ਖਰਚਿਆਂ ਵਾਸਤੇ ਕਰਜ਼ਾ ਲੈਣਾ ਪੈਂਦਾ ਹੈ ਜਦਕਿ 70 ਮਿਲੀਅਨ ਲੋਕ ਅਜਿਹੇ ਹਨ ਜੋ ਖਰਚੇ ਤੋਂ ਡਰਦੇ ਡਾਕਟਰ ਕੋਲ ਜਾਂਦੇ ਹੀ ਨਹੀਂ। ਜਨਵਰੀ 2024 ਵਿਚ ਕਈ ਰਿਪੋਰਟਾਂ ਉਭਰ ਕੇ ਸਾਹਮਣੇ ਆਈਆਂ ਕਿ ਫਾਰਮਾਸੂਟੀਕਲ ਕੰਪਨੀਆਂ ਨੇ 770 ਦਵਾਈਆਂ ਦਾ ਮੁੱਲ ਵਧਾਇਆ ਜਿਸ ਦੇ ਸਿੱਟੇ ਵਜੋਂ ਡਾਇਬਟੀਜ਼ ਦੇ ਮਰੀਜ਼ਾਂ ਵੱਲੋਂ ਵਰਤੀ ਜਾਂਦੀ ਓਜ਼ੈਂਪਿਕ ਦਾ ਪ੍ਰਤੀ ਮਹੀਨਾ ਖਰਚਾ 970 ਡਾਲਰ ਤੱਕ ਪੁੱਜ ਗਿਆ। ਇਸੇ ਤਰ੍ਹਾਂ ਮੌਨਜੈਰੀ ਦਾ ਇਕ ਮਹੀਨੇ ਦਾ ਖਰਚਾ 1,070 ਡਾਲਰ ਤੱਕ ਪੁੱਜ ਗਿਆ। ਐਸਟਰਾਜ਼ੈਨੇਕਾ ਵੱਲੋਂ ਬਲੱਡ ਕੈਂਸਰ ਦੇ ਇਲਾਜ ਵਾਸਤੇ ਤਿਆਰ ਕੀਤੀ ਜਾਂਦੀ ਦਵਾਈ ਤਿੰਨ ਫ਼ੀ ਸਦੀ ਮਹਿੰਗੀ ਹੋਈ ਜਦਕਿ ਆਟੋ ਇਮਿਊਨ ਬਿਮਾਰੀ ਦਾ ਇਲਾਜ ਵਾਲੀ ਦਵਾਈ ਛੇ ਫ਼ੀ ਸਦੀ ਮਹਿੰਗੀ ਹੋਈ। ਫਾਈਜ਼ਰ ਸਣੇ ਕਈ ਕੰਪਨੀਆਂ ਨੇ ਦਲੀਲ ਦਿਤੀ ਕਿ ਨਵੀਆਂ ਦਵਾਈਆਂ ਤਿਆਰ ਕਰਨ ਵਾਸਤੇ ਖੋਜ ਕਾਰਜ ਚਲਾਉਣੇ ਲਾਜ਼ਮੀ ਹਨ ਅਤੇ ਇਨ੍ਹਾਂ ਉਤੇ ਕਰੋੜਾਂ ਡਾਲਰ ਖਰਚ ਹੁੰਦੇ ਹਨ। ਅਮਰੀਕਾ ਵਿਚ ਬਗੈਰ ਬੀਮੇ ਤੋਂ ਪ੍ਰਾਇਮਰੀ ਕੇਅਰ ਦਾ ਖਰਚਾ 150 ਤੋਂ 300 ਡਾਲਰ ਤੱਕ ਹੋ ਸਕਦਾ ਹੈ ਜਦਕਿ ਬੀਮੇ ਦੀ ਮੌਜੂਦਗੀ ਵਿਚ 10 ਤੋਂ 50 ਡਾਲਰ ਰਹਿ ਜਾਂਦਾ ਹੈ।

# ਟਰੰਪ ਨੇ ਪ੍ਰਵਾਸੀਆਂ ਨੂੰ ਡਿਪੋਰਟ ਕਰਨ 'ਤੇ ਖਰਚੇ 21 ਮਿਲੀਅਨ ਡਾਲਰ

## ਗੁਆਂਤਨਾਮੋ ਜੇਲ ਵੱਲ ਭੇਜੇ ਸਨ ਫੌਜ ਦੇ ਜਹਾਜ਼, 19 ਸਾਲ ਦੀ ਕੁੜੀ ਵਿਰੁੱਧ ਲਾਏ ਦੋਸ਼ ਪੁਲਿਸ ਨੇ ਵਾਪਸ ਲਏ



ਵਾਸ਼ਿੰਗਟਨ, 13 ਮਈ (ਵਿਸ਼ੇਸ਼ ਪ੍ਰਤੀਨਿਧ) : ਟਰੰਪ ਸਰਕਾਰ ਨੇ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰਦਿਆਂ ਫੌਜੀ ਜਹਾਜ਼ਾਂ ਰਾਹੀਂ ਗੁਆਂਤਨਾਮੋ ਬੇਅ ਜੇਲ ਭੇਜਣ 'ਤੇ 21 ਮਿਲੀਅਨ ਡਾਲਰ ਖਰਚ ਕਰ ਦਿਤੇ। ਡੈਮੋਕ੍ਰੈਟਿਕ ਪਾਰਟੀ ਦੀ ਸੈਨੇਟ ਮੈਂਬਰ ਐਲਿਜ਼ਾਬੈਥ ਵੌਰਨ ਵੱਲੋਂ ਸਦਨ ਵਿਚ ਪੁੱਛੇ ਗਏ ਸਵਾਲਾਂ ਦੇ ਜਵਾਬ ਵਿਚ ਇਹ ਜਾਣਕਾਰੀ ਉਭਰ ਕੇ ਸਾਹਮਣੇ ਆਈ ਜਿਨ੍ਹਾਂ ਦਾ ਦੋਸ਼ ਹੈ ਕਿ ਡੌਨਲਡ ਟਰੰਪ ਆਪਣੇ ਸਿਆਸੀ ਸਟੰਟਾਂ ਵਾਸਤੇ ਫੌਜੀ ਵਸੀਲਿਆਂ ਦੀ ਦੁਰਵਰਤੋਂ ਕਰ ਰਹੇ ਹਨ। ਪੈਂਟਾਗਨ ਵੱਲੋਂ ਮੁਹੱਈਆ ਕਰਵਾਏ ਵੇਰਵਿਆਂ ਮੁਤਾਬਕ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਲਈ 20 ਜਨਵਰੀ ਤੋਂ 8 ਅਪ੍ਰੈਲ ਦਰਮਿਆਨ ਫੌਜੀ ਜਹਾਜ਼ਾਂ ਨੇ ਗੁਆਂਤਨਾਮੋ ਬੇਅ ਜਾਣ ਵਾਸਤੇ 46 ਉਡਾਣਾਂ ਭਰੀਆਂ ਅਤੇ ਕੁਲ 802 ਘੰਟੇ ਜਹਾਜ਼ ਹਵਾ ਵਿਚ ਰਹੇ। ਇਕ ਘੰਟੇ ਦਾ ਔਸਤ ਖਰਚਾ 26,277 ਡਾਲਰ ਬਣਦਾ ਹੈ ਅਤੇ ਕੁਲ ਜੋੜ 21 ਮਿਲੀਅਨ ਡਾਲਰ ਤੱਕ ਪੁੱਜ ਗਿਆ। ਦੱਸ ਦੇਈਏ ਕਿ ਫਰਵਰੀ ਵਿਚ ਟਰੰਪ ਸਰਕਾਰ ਨੇ ਵੈਨੇਜ਼ੁਏਲਾ ਨਾਲ ਸਬੰਧਤ ਪ੍ਰਵਾਸੀਆਂ ਨੂੰ ਗੁਆਂਤਨਾਮੋ ਜੇਲ ਭੇਜਿਆ ਅਤੇ ਬਾਅਦ ਵਿਚ ਹੌਂਡੁਰਸ ਦੀ ਜੇਲ ਵਿਚ ਤਬਦੀਲ ਕੀਤਾ ਗਿਆ। ਰੱਖਿਆ ਵਿਭਾਗ ਦੇ ਵੇਰਵਿਆਂ ਮੁਤਾਬਕ ਇਸ ਵੇਲੇ ਗੁਆਂਤਨਾਮੋ ਜੇਲ ਵਿਚ ਸਿਰਫ਼ 69 ਪ੍ਰਵਾਸੀ ਬੰਦ ਹਨ ਜਿਨ੍ਹਾਂ ਵਿਚੋਂ 43 ਪ੍ਰਵਾਸੀਆਂ ਨੂੰ ਘੱਟ ਖਤਰਨਾਕ ਮੰਨਿਆ ਜਾ ਰਿਹਾ ਹੈ ਜਦਕਿ 26 ਵਧੇਰੇ ਖਤਰਨਾਕ ਮੰਨੇ ਜਾ ਰਹੇ ਹਨ। ਪ੍ਰਵਾਸੀਆਂ ਨੂੰ ਡਿਪੋਰਟ ਕਰਨ ਲਈ ਫੌਜ ਜਹਾਜ਼ ਭਾਰਤ ਵਰਗੇ ਮੁਲਕਾਂ ਵੱਲ ਵੀ ਭੇਜੇ ਗਏ ਪਰ ਖਰਚਾ ਬਹੁਤ ਜ਼ਿਆਦਾ ਹੋਣ ਕਰ ਕੇ ਫੌਜੀ ਜਹਾਜ਼ਾਂ ਦੀ ਵਰਤੋਂ ਰੋਕਦਿਆਂ ਚਾਰਟਰਡ ਫਲਾਈਟਸ 'ਤੇ ਜ਼ੋਰ ਦਿਤਾ ਗਿਆ। ਦੂਜੇ ਪਾਸੇ ਜਾਰਜੀਆ ਦੇ ਡਾਲਟਨ ਸ਼ਹਿਰ ਦੀ ਪੁਲਿਸ ਨੇ 19 ਸਾਲ ਦੀ ਵਿਦਿਆਰਥਣ ਵਿਰੁੱਧ ਲਾਏ ਟ੍ਰੈਫ਼ਿਕ ਨਿਯਮਾਂ ਦੀ ਉਲੰਘਣਾ ਦੇ ਦੋਸ਼ ਵਾਪਸ ਲੈ ਲਏ ਪਰ ਇੰਮੀਗ੍ਰੇਸ਼ਨ ਅਤੇ ਕਸਟਮਜ਼ ਐਨਫ਼ੋਰਸਮੈਂਟ ਵਾਲੇ ਉਸ ਨੂੰ ਰਿਹਾਅ ਕਰਨ ਲਈ ਰਾਜ਼ੀ ਨਹੀਂ। ਸਿਰਫ਼ ਚਾਰ ਸਾਲ ਦੀ ਉਮਰ ਵਿਚ ਅਮਰੀਕਾ ਪੁੱਜੀ ਜ਼ਿਮਨਾ ਆਰੀਅਸ ਕ੍ਰਿਸਟਾਬੈਲ ਦਾ ਕੋਈ ਅਪਰਾਧਕ ਰਿਕਾਰਡ ਨਾ ਹੋਣ ਦੇ ਬਾਵਜੂਦ ਉਸ ਨੂੰ ਬੇੜੀਆਂ ਵਿਚ ਜਕੜ ਕੇ ਰੱਖਿਆ ਗਿਆ ਅਤੇ ਇਕ ਮਹੀਨੇ ਬਾਅਦ ਜੱਜ ਸਾਹਮਣੇ ਪੇਸ਼ ਕੀਤਾ। ਕ੍ਰਿਸਟਾਬੈਲ ਇਸ ਵੇਲੇ ਜਾਰਜੀਆ ਦੇ ਲੰਪਕਿਨ ਵਿਖੇ ਸਥਿਤ ਇੰਮੀਗ੍ਰੇਸ਼ਨ ਡਿਟੈਨਸ਼ਨ ਸੈਂਟਰ ਵਿਚ ਬੰਦ ਹੈ ਅਤੇ ਉਸ ਨੂੰ ਡਿਪੋਰਟ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਆਈਸ ਵੱਲੋਂ ਇਸ ਮੁੱਦੇ 'ਤੇ ਕੋਈ ਟਿੱਪਣੀ ਨਹੀਂ ਕੀਤੀ ਗਈ ਪਰ ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਉਰਿਟੀ ਦੀ ਤਰਜਮਾਨ ਟ੍ਰਿਸ਼ੀਆ ਮੈਕਲਾਫਲਿਨ ਨੇ ਕਿਹਾ ਕਿ ਕ੍ਰਿਸਟਾਬੈਲ ਗੈਰਕਾਨੂੰਨੀ ਤਰੀਕੇ ਨਾਲ ਅਮਰੀਕਾ ਦਾਖਲ ਹੋਈ ਜਿਸ ਦੇ ਮੱਦੇਨਜ਼ਰ ਉਹ ਕਿਸੇ ਰਾਹਤ ਦੀ ਹੱਕਦਾਰ ਨਹੀਂ। ਉਨ੍ਹਾਂ ਕਿਹਾ ਕਿ ਕ੍ਰਿਸਟਾਬੈਲ ਅਤੇ ਉਸ ਦੇ ਪਿਤਾ ਨੂੰ ਸੈਲਫ਼ ਡਿਪੋਰਟ ਹੋਣ ਦਾ ਮੌਕਾ ਵੀ ਦਿਤਾ ਜਾ ਸਕਦਾ ਹੈ ਪਰ ਮੁਲਕ ਵਿਚ ਰਹਿਣ ਦੀ ਇਜਾਜ਼ਤ ਨਹੀਂ ਦਿਤੀ ਜਾਵੇਗੀ। ਉਧਰ ਸੋਮਵਾਰ ਨੂੰ ਕੀਤੀ ਪ੍ਰੈਸ ਕਾਨਫਰੰਸ ਦੌਰਾਨ ਡਾਲਟਨ ਪੁਲਿਸ ਦੇ ਮੁਖੀਖ ਕ੍ਰਿਸ ਕਰੌਸਰ ਨੇ ਆਪਣੇ ਮਹਿਕਮੇ ਤੋਂ ਹੋਈ ਗਲਤੀ 'ਤੇ ਅਫਸੋਸ ਜ਼ਾਹਰ ਕੀਤਾ। ਉਨ੍ਹਾਂ ਕਿਹਾ ਕਿ ਮਿਲਦੀਆਂ ਜੁਲਦੀਆਂ ਗੱਡੀਆਂ ਹੋਣ ਕਾਰਨ ਮੌਕੇ 'ਤੇ ਮੌਜੂਦ ਪੁਲਿਸ ਅਫ਼ਸਰ ਨੂੰ ਭੁਲੇਖਾ ਲੱਗ ਗਿਆ।

# ਬਰੈਂਪਟਨ ਦੇ ਚਰਨਦੀਪ ਵਿਰੁੱਧ ਲੱਗੇ ਨਾਜਾਇਜ਼ ਹਥਿਆਰਾਂ ਦੇ ਦੋਸ਼

## ਗੱਡੀ ਚੋਰੀ ਦੇ ਮਾਮਲੇ ਵਿਚ ਪੀਲ ਪੁਲਿਸ ਨੇ ਕੀਤਾ ਸੀ ਗ੍ਰਿਫ਼ਤਾਰ, ਇਸਲਾਮਿਕ ਸਟੇਟ ਲਈ ਕੰਮ ਕਰਨ ਵਾਲੇ ਨੂੰ 12 ਸਾਲ ਕੈਦ




ਬਰੈਂਪਟਨ, 13 ਮਈ (ਵਿਸ਼ੇਸ਼ ਪ੍ਰਤੀਨਿਧ) : ਕੈਨੇਡਾ ਪੁਲਿਸ ਵੱਲੋਂ ਗੱਡੀ ਚੋਰੀ ਕਰਨ ਦੇ ਮਾਮਲੇ ਵਿਚ ਗ੍ਰਿਫ਼ਤਾਰ ਪੰਜਾਬੀ ਨੌਜਵਾਨ ਵਿਰੁੱਧ ਨਾਜਾਇਜ਼ ਹਥਿਆਰ ਰੱਖਣ ਦੇ ਦੋਸ਼ ਵੀ ਆਇਦ ਕੀਤੇ ਗਏ ਹਨ। ਪੀਲ ਰੀਜਨਲ ਪੁਲਿਸ ਨੇ ਦੱਸਿਆ ਕਿ ਬਰੈਂਪਟਨ ਦੇ ਸੈਂਡਲਵੁੱਡ ਪਾਰਕਵੇਅ ਅਤੇ ਏਅਰਪੋਰਟ ਰੋਡ ਇਲਾਕੇ ਵਿਚ ਚੋਰੀਸ਼ੁਦਾ ਗੱਡੀ ਮੌਜੂਦ ਹੋਣ ਦੀ ਰਿਪੋਰਟ ਮਿਲਣ 'ਤੇ ਛਾਪਾ ਮਾਰਦਿਆਂ ਚਰਨਦੀਪ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। ਮਾਮਲੇ ਦੀ ਪੜਤਾਲ ਦੌਰਾਨ ਇਕ ਗਲੋਕ ਹੈਂਡਗੰਨ, ਇਕ ਟੌਰਸ ਮਿਲੇਨੀਅਮ ਹੈਂਡਗੰਨ, ਗੋਲੀਆਂ ਅਤੇ ਮੈਗਜ਼ੀਨ ਬਰਾਮਦ ਹੋਏ ਜਿਸ ਮਗਰੋਂ ਚਰਨਦੀਪ ਸਿੰਘ ਵਿਰੁੱਧ ਅਪਰਾਧ ਰਾਹੀਂ ਹਾਸਲ ਪ੍ਰੌਪਰਟੀ ਰੱਖਣ, ਅਣਅਧਿਕਾਰਤ ਤਰੀਕੇ ਨਾਲ ਹਥਿਆਰ ਰੱਖਣ, ਮਨਾਹੀਸ਼ੁਦਾ ਹਥਿਆਰ ਰੱਖਣ, ਹਥਿਆਰ ਲੈ ਕੇ ਗੱਡੀ ਵਿਚ ਸਵਾਰ ਹੋਣ, ਲਾਪ੍ਰਵਾਹੀ ਨਾਲ ਹਥਿਆਰ ਰੱਖਣ, ਹਥਿਆਰਾਂ ਦੇ ਸੀਰੀਅਲ ਨੰਬਰ ਨਾਲ ਛੇੜਛਾੜ ਕਰਨ ਅਤੇ ਭਰੀ ਹੋਈ ਪਾਬੰਦੀਸ਼ੁਦਾ ਪਸਤੌਲ ਰੱਖਣ ਦੇ ਦੋਸ਼ ਆਇਦ ਕੀਤੇ ਗਏ ਹਨ। ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਇਸ ਮਾਮਲੇ ਨਾਲ ਸਬੰਧਤ ਜਾਣਕਾਰੀ ਹੋਵੇ ਤਾਂ ਕ੍ਰਿਮੀਨਲ ਇਨਵੈਸਟੀਗੇਸ਼ਨ ਬਿਊਰੋ ਦੀ 21 ਡਵੀਜ਼ਨ ਦੇ ਜਾਂਚਕਰਤਾਵਾਂ ਨਾਲ 905 453 2121 ਐਕਸਟੈਨਸ਼ਨ 2133 'ਤੇ ਸੰਪਰਕ ਕੀਤਾ ਜਾਵੇ। ਗੁਪਤ ਤਰੀਕੇ ਨਾਲ ਜਾਣਕਾਰੀ ਦੇਣ ਲਈ ਪੀਲ ਕ੍ਰਾਈਮ ਸਟੌਪਰਜ਼ ਨਾਲ 1800 222 ਟਿਪਸ 8477 'ਤੇ ਕਾਲ ਕੀਤੀ ਜਾ ਸਕਦੀ ਹੈ। ਦੂਜੇ ਪਾਸੇ ਅਤਿਵਾਦ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਖਲੀਲਉਲ੍ਹਾ ਯੂਸਫ਼ ਨੇ ਸੋਮਵਾਰ ਨੂੰ ਆਪਣਾ ਗੁਨਾਹ ਕਬੂਲ ਕਰ ਲਿਆ।



ਖਲੀਲਉਲ੍ਹਾ ਨੇ ਮੰਨਿਆ ਕਿ ਉਸ ਨੇ ਇਸਲਾਮਿਕ ਸਟੇਟ ਦੀ ਹਮਾਇਤ ਵਿਚ ਆਨਲਾਈਨ ਫੰਡਰੇਜ਼ਿੰਗ ਮੁਹਿੰਮ ਚਲਾਈ ਅਤੇ ਇਕੱਤਰ ਰਕਮ ਨੂੰ ਵਿਦੇਸ਼ ਭੇਜਿਆ। ਅਦਾਲਤੀ ਦਸਤਾਵੇਜ਼ਾਂ ਮੁਤਾਬਕ ਉਸ ਨੇ ਮੰਨਿਆ ਕਿ ਉਹ ਅਤਿਵਾਦੀ ਜਥੇਬੰਦੀ ਦੀਆਂ ਸਰਗਰਮੀਆਂ ਵਿਚ ਸ਼ਾਮਲ ਹੋਇਆ ਅਤੇ ਸੋਸ਼ਲ ਮੀਡੀਆ ਰਾਹੀਂ ਇਸਲਾਮਿਕ ਸਟੇਅ ਦਾ ਪ੍ਰਚਾਰ ਕੀਤਾ। ਕੈਨੇਡਾ ਦੀ ਪਬਲਿਕ ਪ੍ਰੌਸੀਕਿਊਸ਼ਨ ਸਰਵਿਸ ਅਤੇ ਯੂਸਫ਼ ਦੇ ਵਕੀਲ ਵੱਲੋਂ ਉਸ ਨੂੰ 12 ਸਾਲ ਕੈਦ ਦੀ ਸਜ਼ਾ ਸੁਣਾਏ ਜਾਣ ਦੀ ਮੰਗ ਕੀਤੀ ਗਈ ਹੈ। ਅਦਾਲਤ ਨੇ ਦੋਹਾਂ ਧਿਰਾਂ ਦੀਆਂ ਦਲੀਲਾਂ ਨਾਲ ਸਹਿਮਤੀ ਜ਼ਾਹਰ ਕਰਦਿਆਂ 12 ਸਾਲ ਕੈਦ ਦੀ ਸਜ਼ਾ ਸੁਣਾਈ ਜਿਸ ਵਿਚੋਂ ਹੁਣ ਤੱਕ ਜੇਲ ਵਿਚ ਕੱਟੇ ਸਮੇਂ ਨੂੰ ਘਟਾ ਦਿਤਾ ਜਾਵੇਗਾ। ਇਸ ਤੋਂ ਇਲਾਵਾ ਖਲੀਲਉਲ੍ਹਾ ਨੂੰ ਪੈਰੋਲ 'ਤੇ ਰਿਹਾਈ ਤੋਂ ਪਹਿਲਾਂ ਅੱਧੀ ਸਜ਼ਾ ਭੁਗਤਣੀ ਹੋਵੇਗੀ।

# ਜ਼ਹਿਰੀਲੀ ਸ਼ਰਾਬ ਕਾਰਨ ਮੌਤਾਂ 'ਚ ਪੰਜਾਬ ਦਾ ਦੂਜਾ ਸਥਾਨ, ਗੁਜਰਾਤ ਸਭ ਤੋਂ ਅੱਗੇ

ਮਜੀਠਾ/ਅੰਮ੍ਰਿਤਸਰ-ਅੰਮ੍ਰਿਤਸਰ ਜ਼ਿਲ੍ਹੇ ਦੇ ਹਲਕਾ ਮਜੀਠਾ ਅਧੀਨ ਆਉਂਦੇ ਕੁਝ ਪਿੰਡਾਂ ਵਿਚ ਬੀਤੀ ਰਾਤ ਜ਼ਹਿਰੀਲੀ ਸ਼ਰਾਬ ਪੀਣ ਕਰਕੇ 15 ਵਿਅਕਤੀਆਂ ਦੀ ਮੌਤ ਹੋ ਗਈ ਜਦੋਂਕਿ ਛੇ ਵਿਅਕਤੀ ਇਸ ਵੇਲੇ ਹਸਪਤਾਲ ਵਿੱਚ ਜ਼ੇਰੇ ਇਲਾਜ ਹਨ ਜਿਨ੍ਹਾਂ ਦੀ ਹਾਲਤ ਗੰਭੀਰ ਦੱਸੀ ਗਈ ਹੈ। ਪੁਲੀਸ ਨੇ ਨਕਲੀ ਸ਼ਰਾਬ ਵੇਚਣ ਵਾਲਿਆਂ ਖਿਲਾਫ਼ ਕੇਸ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਉਧਰ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕਿਸੇ ਵੀ ਦੋਸ਼ੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਇਸ ਦੌਰਾਨ ਪੁਲੀਸ ਨੇ ਆਬਕਾਰੀ ਐਕਟ ਅਧੀਨ ਕੇਸ ਦਰਜ ਕਰਕੇ ਮੁੱਖ ਦੋਸ਼ੀ ਪ੍ਰਭਜੀਤ ਸਿੰਘ ਅਤੇ ਉਸ ਦੇ ਸਾਥੀ ਕੁਲਬੀਰ ਸਿੰਘ ਉਰਫ ਜੱਗੂ (ਮੁੱਖ ਦੋਸ਼ੀ ਪ੍ਰਭਜੀਤ ਦਾ ਭਰਾ), ਸਾਹਿਬ ਸਿੰਘ ਉਰਫ ਸਰਾਏ, ਗੁਰਜੰਟ ਸਿੰਘ, ਨਿੰਦਰ ਕੌਰ ਪਤਨੀ ਜੀਤਾ ਵਾਸੀ ਥਰੀਏਵਾਲ ਸਣੇ ਸੱਤ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਸਾਬਕਾ ਵਿਧਾਇਕ ਬਿਕਰਮ ਸਿੰਘ ਮਜੀਠੀਆ ਨੇ ਇਸ ਘਟਨਾ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਇਸ ਮਾਮਲੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਸੂਤਰਾਂ ਅਨੁਸਾਰ ਮੁੱਖ ਮੰਤਰੀ ਭਗਵੰਤ ਮਾਨ ਅੱਜ ਸਬੰਧਤ ਪਿੰਡਾਂ ਦਾ ਦੌਰਾ ਕਰ ਸਕਦੇ ਹਨ। ਜਾਣਕਾਰੀ ਅਨੁਸਾਰ ਬੀਤੀ ਰਾਤ ਪਿੰਡ ਭੰਗਾਲੀ, ਥਰੀਏਵਾਲ, ਮਰੜੀ ਕਲਾਂ, ਤਲਵੰਡੀ ਖੁੰਮਣ, ਪਤਾਲਪੁਰੀ ਆਦਿ ਪਿੰਡਾਂ ਦੇ ਲੋਕਾਂ ਨੇ ਨਜਾਇਜ਼ ਸ਼ਰਾਬ ਵੇਚਣ ਦੇ ਧੰਦੇ ਵਿਚ ਸ਼ਾਮਲ ਕੁਝ ਵਿਅਕਤੀਆਂ ਵਲੋਂ ਸਪਲਾਈ ਕੀਤੀ ਗਈ ਸ਼ਰਾਬ ਪੀਤੀ ਅਤੇ ਕੁਝ ਦੇਰ ਬਾਅਦ ਹੀ ਉਨ੍ਹਾਂ ਦੀ ਤਬੀਅਤ ਵਿਗੜ ਗਈ। ਇਨ੍ਹਾਂ ਵਿਚੋਂ ਕੁਝ ਦੀ ਮਗਰੋਂ ਮੌਤ ਹੋ ਗਈ ਜਦੋਂਕਿ ਬਾਕੀਆਂ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ ਹੈ।

ਚੇਤੇ ਰਹੇ ਕਿ ਕੁਝ ਸਾਲ ਪਹਿਲਾਂ ਕਾਂਗਰਸ ਸਰਕਾਰ ਸਮੇਂ ਵੀ ਇਸ ਇਲਾਕੇ ਵਿੱਚ ਜ਼ਹਿਰੀਲੀ ਸ਼ਰਾਬ ਪੀਣ ਨਾਲ 19 ਵਿਅਕਤੀਆਂ ਦੀ ਮੌਤ ਹੋ ਗਈ ਸੀ ਅਤੇ ਉਸ ਵਕਤ ਇਹ ਮੁੱਦਾ ਬਹੁਤ ਗਰਮਾਇਆ ਸੀ। ਇਹ ਜ਼ਹਿਰੀਲੀ ਸ਼ਰਾਬ ਪਹਿਲਾਂ ਵੀ ਦਰਜਨਾਂ ਘਰਾਂ ਦੇ ਚਿਰਾਗ ਬੁਝਾ ਚੁੱਕੀ ਹੈ।

ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਜ਼ਹਿਰੀਲੀ ਸ਼ਰਾਬ ਪੀਣ ਕਰਕੇ ਮੌਤ ਦੇ ਮੂੰਹ ਪਏ ਪੀੜਤ ਪਰਿਵਾਰਾਂ ਦੀਆਂ ਮਹਿਲਾਵਾਂ ਨੂੰ ਮਿਲਦੇ ਹੋਏ।

ਘਟਨਾ ਦੀ ਜਾਣਕਾਰੀ ਮਿਲਦਿਆਂ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ੍ਰੀਮਤੀ ਸਾਕਸ਼ੀ ਸਾਹਨੀ ਅਤੇ ਐਸ.ਐਸ.ਪੀ. ਅੰਮ੍ਰਿਤਸਰ ਦਿਹਾਤੀ ਮਨਿੰਦਰ ਸਿੰਘ, ਸਿਵਲ ਸਰਜਨ ਕਿਰਨਦੀਪ ਕੌਰ ਸਮੇਤ ਹੋਰ ਉੱਚ ਅਧਿਕਾਰੀ ਮੌਕੇ 'ਤੇ ਪਹੁੰਚ ਗਏ। ਉਨ੍ਹਾਂ ਵਲੋਂ ਸਾਰੇ ਹਾਲਾਤ ਦਾ ਜਾਇਜ਼ਾ ਲਿਆ ਜਾ ਰਿਹਾ ਹੈ।

ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਕੱਲ੍ਹ ਸ਼ਾਮ ਇਸ ਬਾਰੇ ਜਾਣਕਾਰੀ ਮਿਲੀ ਸੀ ਅਤੇ ਉਨ੍ਹਾਂ ਤੁਰੰਤ ਕਾਰਵਾਈ ਕਰਦਿਆਂ ਸਿਹਤ ਵਿਭਾਗ ਦੀਆਂ ਟੀਮਾਂ ਨੂੰ ਪਿੰਡਾਂ 'ਚ ਭੇਜਿਆ ਸੀ। ਇਨ੍ਹਾਂ ਟੀਮਾਂ ਨੇ ਲੋਕਾਂ ਨੂੰ ਪ੍ਰੇਰਿਤ ਕੀਤਾ ਤੇ ਉਨ੍ਹਾਂ ਨੂੰ ਹਸਪਤਾਲਾਂ ਵਿੱਚ ਲਿਆਂਦਾ ਗਿਆ ਹੈ। ਉਨ੍ਹਾਂ ਕਿਹਾ ਕਿ ਕੁਝ ਲੋਕਾਂ ਦੀ ਹਾਲਤ ਬਿਹਤਰ ਹੈ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਜ਼ਹਿਰੀਲੀ ਸ਼ਰਾਬ ਦੀ ਸਪਲਾਈ ਕਰਨ ਵਾਲੇ ਮੁੱਖ ਮੁਲਜ਼ਮ ਨੂੰ ਕਾਬੂ ਕਰ ਲਿਆ ਗਿਆ ਹੈ ਅਤੇ ਹੋਰਨਾਂ ਲੋਕਾਂ ਨੂੰ ਕਾਬੂ ਕਰਨ ਲਈ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਨੇ ਇਹ ਜ਼ਹਿਰੀਲੀ



ਸ਼ਰਾਬ ਪੀਤੀ ਹੈ ਤਾਂ ਉਹ ਆਪਣਾ ਇਲਾਜ ਕਰਵਾਉਣ ਵਾਸਤੇ ਅੱਗੇ ਆਏ।

ਮ੍ਰਿਤਕ ਦੇਹਾਂ ਪੋਸਟਮਾਰਟ ਲਈ ਅੰਮ੍ਰਿਤਸਰ ਭੇਜੀਆਂ ਗਈਆਂ ਹਨ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਦੋਸ਼ੀਆਂ ਨੂੰ ਕਿਸੇ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ।

ਉਧਰ ਪੁਲੀਸ ਨੇ ਕਾਰਵਾਈ ਕਰਦਿਆਂ ਆਬਕਾਰੀ ਐਕਟ ਅਧੀਨ ਕੇਸ ਦਰਜ ਕਰਕੇ ਮੁੱਖ ਦੋਸ਼ੀ ਪ੍ਰਭਜੀਤ ਸਿੰਘ ਅਤੇ ਉਸ ਦੇ ਸਾਥੀ ਕੁਲਬੀਰ ਸਿੰਘ ਉਰਫ ਜੱਗੂ (ਮੁੱਖ ਦੋਸ਼ੀ ਪ੍ਰਭਜੀਤ ਦਾ ਭਰਾ), ਸਾਹਿਬ ਸਿੰਘ ਉਰਫ ਸਰਾਏ, ਗੁਰਜੰਟ ਸਿੰਘ, ਨਿੰਦਰ ਕੌਰ ਪਤਨੀ ਜੀਤਾ ਵਾਸੀ ਥਰੀਏਵਾਲ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲੀਸ ਨੇ ਇਲਾਕੇ ਵਿਚ ਜ਼ਹਿਰੀਲੀ ਸ਼ਰਾਬ ਸਪਲਾਈ ਕਰਨ ਵਾਲੇ ਪ੍ਰਭਜੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਸ ਗੋਰਖਧੰਦੇ ਵਿਚ ਸ਼ਾਮਲ ਮੁੱਖ ਸਰਗਨੇ ਸਾਹਿਬ ਸਿੰਘ ਨੂੰ ਰਾਜਾਸਾਂਸੀ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਸਰਗਨੇ ਤੋਂ ਸ਼ਰਾਬ ਖਰੀਦਣ ਤੇ ਅੱਗੇ ਪਿੰਡਾਂ ਵਿਚ ਸਪਲਾਈ ਕਰਨ ਵਾਲੇ 4 ਹੋਰ ਮੁਲਜ਼ਮਾਂ ਨੂੰ ਵੀ ਪੁਲੀਸ ਨੇ ਕਾਬੂ ਕੀਤਾ ਹੈ ਪਿਛਲੇ ਸੱਤ ਘੰਟਿਆਂ ਵਿਚ ਕੁੱਲ ਮਿਲਾ ਕੇ 6 ਜਣਿਆਂ ਨੂੰ ਕਾਬੂ ਕੀਤਾ ਹੈ। ਸ਼ਰਾਬ ਸਪਲਾਈ ਕਰਨ ਵਾਲੀਆਂ ਫਰਮਾਂ ਨੂੰ ਫੜਨ ਲਈ ਟੀਮਾਂ ਨੂੰ ਤੁਰੰਤ ਬਾਹਰੀ ਰਾਜ ਵਿੱਚ ਭੇਜਿਆ ਗਿਆ ਹੈ।

ਪੁਲੀਸ ਤੋਂ ਮਿਲੀ ਜਾਣਕਾਰੀ ਮੁਤਾਬਕ ਇਸ ਘਟਨਾ ਵਿੱਚ ਮਰਨ ਵਾਲਿਆਂ ਦੀ ਸ਼ਨਾਖਤ ਮੇਜਰ ਸਿੰਘ ਉਰਫ ਮੋਦੀ, ਪਰਮਜੀਤ ਸਿੰਘ ਉਰਫ ਪੰਮਾ, ਸਰਬਜੀਤ ਸਿੰਘ ਉਰਫ ਸ਼ੱਬਾ, ਤਸਵੀਰ ਸਿੰਘ ਉਰਫ ਸਿਕੰਦਰ ਸਾਰੇ ਵਾਸੀ ਪਿੰਡ ਮਰੜੀ ਕਲਾਂ, ਜੋਗਿੰਦਰ ਸਿੰਘ ਉਰਫ ਮੰਨਾ, ਕਰਨੈਲ ਸਿੰਘ ਉਰਫ ਮਹੰਤ, ਜੀਤਾ ਉਰਫ ਸੀਤੀ ਵਾਸੀ ਪਿੰਡ ਥਰੀਏਵਾਲ, ਬਲਬੀਰ ਸਿੰਘ, ਰਮਨਦੀਪ ਸਿੰਘ, ਰੋਮਨਜੀਤ ਸਿੰਘ ਉਰਫ ਰੋਮੀ ਸਾਰੇ ਵਾਸੀ ਪਿੰਡ ਭੰਗਾਲੀ ਕਲਾਂ ਸ਼ਾਮਲ ਹਨ।

ਮਜੀਠਾ ਪੁਲੀਸ ਵਲੋਂ ਹੁਣ ਤੱਕ ਕੀਤੀ ਗਈ ਜਾਂਚ ਤੋਂ ਪਤਾ ਲੱਗਾ ਹੈ ਕਿ ਪ੍ਰਭਜੀਤ ਸਿੰਘ ਉਰਫ ਬੱਬੂ ਅਤੇ ਕੁਲਬੀਰ ਸਿੰਘ ਉਰਫ ਜੱਗੂ ਭਾਰੀ ਮਾਤਰਾ ਵਿੱਚ ਅਲਕੋਹਲ ਅਤੇ ਨਜਾਇਜ਼ ਸ਼ਰਾਬ ਤਿਆਰ ਕਰਕੇ ਅੱਗੇ ਸਪਲਾਈ ਕਰਦੇ ਹਨ ਅਤੇ ਇਨ੍ਹਾਂ ਵੱਲੋਂ ਅੱਗੇ ਇਹ ਜ਼ਹਿਰੀਲੀ ਸ਼ਰਾਬ ਸਾਹਿਬ ਸਿੰਘ, ਗੁਰਜੰਟ ਉਰਫ ਜੰਟਾ, ਸਿਕੰਦਰ ਸਿੰਘ ਉਰਫ ਪੱਪੂ ਵਾਸੀ ਪਿੰਡ ਮਰੜੀ ਕਲਾਂ, ਨਿੰਦਰ ਕੌਰ, ਪਰਮਜੀਤ ਸਿੰਘ ਉਰਫ ਪੰਮਾ ਵਾਸੀ ਪਿੰਡ ਥਰੀਏਵਾਲ ਅਤੇ ਰਾਜਾ ਵਾਸੀ ਭੰਗਾਲੀ ਕਲਾਂ ਨੂੰ ਸਪਲਾਈ ਕੀਤੀ ਗਈ ਸੀ। ਇਹ ਸ਼ਰਾਬ ਪੀਣ ਤੋਂ ਬਾਅਦ 14 ਵਿਅਕਤੀਆਂ ਦੀ ਮੌਤ ਹੋ ਗਈ ਹੈ।

ਇਸ ਸਬੰਧ ਵਿੱਚ ਥਾਣਾ ਮਜੀਠਾ ਵਿਖੇ ਕੇਸ ਦਰਜ ਕੀਤਾ ਗਿਆ ਹੈ ਇਸ ਮਾਮਲੇ ਵਿੱਚ ਪ੍ਰਭਜੀਤ ਸਿੰਘ ਉਰਫ ਬੱਬੂ, ਕੁਲਬੀਰ ਸਿੰਘ ਉਰਫ ਜੱਗੂ ,ਸਾਹਿਬ ਸਿੰਘ ਉਰਫ ਰਾਈ ,ਗੁਰਜੰਟ ਉਰਫ ਜੰਟਾ, ਸਿਕੰਦਰ ਸਿੰਘ ਉਰਫ ਪੱਪੂ ਅਤੇ ਨਿੰਦਰ ਕੌਰ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੁਲੀਸ ਵੱਲੋਂ ਇਸ ਮਾਮਲੇ ਵਿੱਚ ਮੁਕਦਮਾ ਦਰਜ ਕਰਨ ਤੋਂ ਬਾਅਦ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ

ਸਮੁੱਚੇ ਦੇਸ਼ ਵਿੱਚ 1978 ਤੋਂ ਲੈ ਕੇ ਹੁਣ ਤੱਕ ਜ਼ਹਿਰੀਲੀ ਸ਼ਰਾਬ ਕਾਰਨ 17 ਹਾਦਸੇ ਵਾਪਰੇ ਹਨ ਜਿਨ੍ਹਾਂ ਵਿੱਚ 2302 ਵਿਅਕਤੀਆਂ ਦੀ ਜਾਨ ਗਈ ਹੈ। ਗੁਜਰਾਤ ਇਸ ਮਾਮਲੇ 'ਚ ਦੇਸ਼ ਭਰ ਚੋਂ ਅੱਗੇ ਰਿਹਾ ਹੈ ਜਿੱਥੇ 1987 'ਚ ਸਭ ਤੋਂ ਵੱਧ 200 ਵਿਅਕਤੀਆਂ ਦੀ ਜ਼ਹਿਰੀਲੀ ਸ਼ਰਾਬ ਪੀਣ ਕਾਰਨ ਮੌਤ ਹੋਈ ਸੀ। ਮੌਤਾਂ ਦੀ ਗਿਣਤੀ ਦੇ ਹਿਸਾਬ ਨਾਲ ਦੂਜੇ ਨੰਬਰ 'ਤੇ ਪੰਜਾਬ ਹੈ ਜਿੱਥੇ ਸਾਲ 2020 ਵਿੱਚ ਜ਼ਹਿਰੀਲੀ ਸ਼ਰਾਬ ਨੇ 121 ਜਾਨਾਂ ਲਈਆਂ ਸਨ। ਪ੍ਰਾਪਤ ਜਾਣਕਾਰੀ ਗੁਜਰਾਤ 'ਚ ਸਾਲ 1976 ਵਿੱਚ ਸੌ ਮੌਤਾਂ ਅਤੇ 1986 ਵਿੱਚ 108 ਮੌਤਾਂ ਜ਼ਹਿਰੀਲੀ ਸ਼ਰਾਬ ਕਾਰਨ ਹੋਈਆਂ ਸਨ। ਪੰਜਾਬ ਵਿੱਚ ਅਕਤੂਬਰ 2010 ਵਿੱਚ ਦਸੂਹਾ ਇਲਾਕੇ ਵਿੱਚ ਜ਼ਹਿਰੀਲੀ ਸ਼ਰਾਬ ਕਾਰਨ 16 ਲੋਕਾਂ ਦੀ ਜਾਨ ਚਲੀ ਗਈ ਸੀ ਅਤੇ ਉਸ ਮਗਰੋਂ ਜੁਲਾਈ-ਅਗਸਤ 2020 ਵਿੱਚ ਮਾਝੇ ਇਲਾਕੇ ਵਿੱਚ 121 ਜਾਨਾਂ ਚਲੀਆਂ ਗਈਆਂ ਸਨ। 'ਆਪ' ਸਰਕਾਰ ਦੇ ਕਾਰਜਕਾਲ ਦੌਰਾਨ ਮਾਰਚ 2024 ਵਿੱਚ ਦਿੜ੍ਹਬਾ ਤੇ ਸੁਨਾਮ ਬਲਾਕ ਵਿੱਚ 20 ਲੋਕਾਂ ਦੀ ਜਾਨ ਜ਼ਹਿਰੀਲੀ ਸ਼ਰਾਬ ਕਾਰਨ ਚਲੀ ਗਈ ਸੀ ਅਤੇ ਹੁਣ ਮਜੀਠਾ ਇਲਾਕੇ 'ਚ ਜ਼ਹਿਰੀਲੀ ਸ਼ਰਾਬ ਕਾਰਨ 21 ਲੋਕਾਂ ਦੀ ਮੌਤ ਹੋ ਗਈ ਹੈ।

ਅਮਰਿੰਦਰ ਸਿੰਘ 11 ਦਿਨਾਂ ਮਗਰੋਂ ਪੀੜਤਾਂ ਤੱਕ ਪੁੱਜੇ ਸਨ


ਕਾਂਗਰਸੀ ਹਕੂਮਤ ਦੌਰਾਨ ਜਦੋਂ 29 ਜੁਲਾਈ 2020 ਨੂੰ ਮਾਝੇ ਵਿੱਚ ਜ਼ਹਿਰੀਲੀ ਸ਼ਰਾਬ ਕਾਰਨ ਵੱਡਾ ਦੁਖਾਂਤ ਵਾਪਰਿਆ ਸੀ ਤਾਂ ਉਦੋਂ ਘਟਨਾ ਤੋਂ 11 ਦਿਨਾਂ ਮਗਰੋਂ 8 ਅਗਸਤ ਨੂੰ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪੀੜਤਾਂ ਦੀ ਸਾਰ ਲੈਣ ਪਹੁੰਚੇ ਸਨ। ਉਸ ਕਾਂਡ ਵਿੱਚ 121 ਲੋਕਾਂ ਦੀ ਜਾਨ ਗਈ ਸੀ। ਉਸ ਸਮੇਂ ਦੁਖਾਂਤ ਮੌਕੇ ਤਤਕਾਲੀ ਸੰਸਦ ਮੈਂਬਰ ਜਸਬੀਰ ਸਿੰਘ ਡਿੰਪਾ ਹੀ ਪਹੁੰਚੇ ਸਨ ਜਦਕਿ ਦੁਖਾਂਤ ਤੋਂ ਇੱਕ ਹਫ਼ਤੇ ਤੱਕ ਮਾਝੇ ਨਾਲ ਸਬੰਧਤ ਤਤਕਾਲੀ ਵਜ਼ੀਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਸੁਖਜਿੰਦਰ ਸਿੰਘ ਰੰਧਾਵਾ, ਸੁਖਬਿੰਦਰ ਸਿੰਘ ਸਰਕਾਰੀਆ ਅਤੇ ਓਪੀ ਸੋਨੀ 'ਚੋਂ ਕੋਈ ਵੀ ਪੀੜਤਾਂ ਨਾਲ ਦੁੱਖ ਸਾਂਝਾ ਕਰਨ ਨਹੀਂ ਪਹੁੰਚਿਆ ਸੀ। ਉਸ ਮੌਕੇ ਨਵਜੋਤ ਸਿੰਘ ਸਿੱਧੂ ਨੇ ਵੀ ਕਾਫ਼ੀ ਸਮਾਂ ਪੀੜਤਾਂ ਤੋਂ ਦੂਰੀ ਬਣਾਈ ਰੱਖੀ ਸੀ। ਉਸ ਦੁਖਾਂਤ ਦੇ ਐਨ ਮੌਕੇ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, 'ਆਪ' ਦੇ ਕਨਵੀਨਰ ਭਗਵੰਤ ਮਾਨ ਅਤੇ ਪੰਜਾਬ ਏਕਤਾ ਪਾਰਟੀ ਦੇ ਸੁਖਪਾਲ ਸਿੰਘ ਖਹਿਰਾ ਪੀੜਤਾਂ ਤੱਕ ਪਹੁੰਚੇ ਹਨ।






# ਧਾਲੀਵਾਲ ਭਰਾਵਾਂ ਵੱਲੋਂ ਕੈਨੇਡਾ ਚੋਣਾਂ ਦੌਰਾਨ ਜਿੱਤ ਕੇ ਪਾਰਲੀਮੈਂਟ ਮੈਂਬਰ ਬਣੇ ਪੰਜਾਬੀ ਉਮੀਦਵਾਰਾਂ ਨੂੰ ਲੱਖ-ਲੱਖ ਵਧਾਈ ਹੋਵੇ

ਪੰਜਾਬੀਆਂ ਦੀ ਬੱਲੇ ਬੱਲੇ



ਪੰਜਾਬੀਆਂ ਦੀ ਬੱਲੇ ਬੱਲੇ



**ਸ. ਸੁਰਜੀਤ ਸਿੰਘ ਰੱਖੜਾ**
ਸਾਬਕਾ ਕੈਬਨਿਟ ਮੰਤਰੀ, ਪੰਜਾਬ
ਫੋਨ: +91-98143-41005



**ਸ. ਦਰਸ਼ਨ ਸਿੰਘ ਧਾਲੀਵਾਲ**
ਉਘੇ ਬਿਜ਼ਨਸਮੈਨ ਅਤੇ ਦਾਨੀ (ਮਿਲਵਾਕੀ)
ਫੋਨ: +1-262-242-4800



**ਸ. ਚਰਨਜੀਤ ਸਿੰਘ ਧਾਲੀਵਾਲ**
ਉਘੇ ਬਿਜ਼ਨਸਮੈਨ (ਪਟਿਆਲਾ)
ਫੋਨ: +91-175-5050600

ਪੰਜਾਬੀਆਂ ਦੀ ਬੱਲੇ ਬੱਲੇ



ਪੰਜਾਬੀਆਂ ਦੀ ਬੱਲੇ ਬੱਲੇ


ਸੋਨੀਆ ਸਿੱਧੂ
ਬਰੈਂਪਟਨ ਸਾਊਥ


ਰੂਬੀ ਸਹੋਤਾ
ਬਰੈਂਪਟਨ ਨਾਰਥ


ਅਮਨਦੀਪ ਸੋਢੀ
ਬਰੈਂਪਟਨ ਸੈਂਟਰ


ਮਨਿੰਦਰ ਸਿੱਧੂ
ਬਰੈਂਪਟਨ ਈਸਟ


ਅਮਰਜੀਤ ਗਿੱਲ
ਬਰੈਂਪਟਨ ਵੈਸਟ


ਇਕਵਿੰਦਰ ਸਿੰਘ ਗਹੀਰ
ਮਿਸੀਸਾਗਾ ਮਾਲਟਨ


ਅਮਨਪ੍ਰੀਤ ਸਿੰਘ ਗਿੱਲ
ਕੈਲਗਰੀ ਸਕਾਈਵਿਊ


ਟਿੱਮ ਉਪਲ
ਐਡਮਿੰਟਨ ਗੇਟਵੇ


ਅਰਪਣ ਖੰਨਾ
ਆਕਸਫੋਰਡ


ਦਲਵਿੰਦਰ ਗਿੱਲ
ਕੈਲਗਰੀ ਮੈਕਾਨਾਈਟ


ਜਸਰਾਜ ਹੱਲਣ ਕੈਲਗਰੀ
ਈਸਟ


ਪਰਮ ਬੈਂਸ
ਰਿਚਮੰਡ ਈਸਟ ਸਟੀਵਨਸਟਨ



ਗੁਰਬਖਸ਼ ਸੈਣੀ
ਫਲੀਟਵੁੱਡ ਪੋਰਟ ਕੈਲਸ


ਰਣਦੀਪ ਸਰਾਏ
ਸਰੀ ਸੈਂਟਰ


ਅਨੀਤਾ ਆਨੰਦ
ਓਕਵਿਲ ਈਸਟ


ਬਰਦੀਸ਼ ਚੱਗਰ
ਵਾਟਰਲੂ


ਅੰਜੂ ਢਿੱਲੋਂ
ਡੋਰਵਲ ਲਾਚੀਨ


ਸੁੱਖ ਧਾਲੀਵਾਲ
ਸਰੀ ਨਿਊਟਨ


ਹਰਬ ਗਿੱਲ
ਵਿੰਡਸਰ ਵੈਸਟ


ਜਗਸ਼ਰਨ ਸਿੰਘ ਮਾਹਲ
ਐਡਮਿੰਟਨ ਸਾਊਥ ਈਸਟ


ਸੁਖਮਨ ਗਿੱਲ
ਐਬਸਟਫੋਰਡ ਲੈਂਗਲੀ

# Your Waste

On Monday, May 19, there will be no waste collection due to the Victoria Day holiday. Waste collection will be one day later that week.

All Community Recycling Centres are closed on **Monday, May 19,** and will reopen on **Tuesday, May 20.**




Sign up to receive FREE waste collection reminders

**peelregion.ca/waste**

@regionofpeel

@peelregion.ca

COM-0111_05.25/05

Peel Region


# ਅਮਰੀਕਾ ਅਤੇ ਕੈਨੇਡਾ ਵਿਚ ਵਧਣ ਲੱਗੇ ਖਸਰੇ ਦੇ ਮਰੀਜ਼

ਟੋਰਾਂਟੋ/ਨਿਊ ਯਾਰਕ, 8 ਮਈ (ਵਿਸ਼ੇਸ਼ ਪ੍ਰਤੀਨਿਧ) : ਅਮਰੀਕਾ ਅਤੇ ਕੈਨੇਡਾ ਵਿਚ ਖਸਰਾ ਤੇਜ਼ੀ ਨਾਲ ਪੈਰ ਪਸਾਰ ਰਿਹਾ ਹੈ ਅਤੇ ਮਰੀਜ਼ਾਂ ਦੀ ਗਿਣਤੀ ਹਜ਼ਾਰਾਂ ਵਿਚ ਪੁੱਜਦੀ ਮਹਿਸੂਸ ਹੋ ਰਹੀ ਹੈ। ਅਮਰੀਕਾ ਦੇ ਇਲੀਨੋਇ ਸੂਬੇ ਤੋਂ ਮਜ਼ੂਰੀ ਵੱਲ ਗਏ ਇਕ ਮਰੀਜ਼ ਵੱਲੋਂ ਅਣਗਿਣਤੀ ਲੋਕਾਂ ਨੂੰ ਵਾਇਰਸ ਦੀ ਲਾਗ ਲਾਉਣ ਦਾ ਮਾਮਲਾ ਸਾਹਮਣੇ ਆਇਆ ਹੈ ਜਦਕਿ ਟੋਰਾਂਟੋ ਦੇ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ 'ਤੇ ਵੀ ਇਕ ਮਰੀਜ਼ ਲੈਂਡ ਕਰਨ ਦੀ ਰਿਪੋਰਟ ਹੈ ਜੋ ਸੰਭਾਵਤ ਤੌਰ 'ਤੇ ਦਰਜਨਾਂ ਲੋਕਾਂ ਦੇ ਸੰਪਰਕ ਵਿਚ ਆਇਆ। ਅਮਰੀਕਾ ਨਾਲ ਸਬੰਧਤ ਰਿਪੋਰਟ ਕਹਿੰਦੀ ਹੈ ਕਿ ਖਸਰੇ ਦਾ ਮਰੀਜ਼ ਸੇਂਟ ਲੂਈਸ ਐਕੁਏਰੀਅਮ ਪੁੱਜਾ ਜਿਥੇ ਰੋਜ਼ਾਨਾ ਹਜ਼ਾਰਾਂ ਲੋਕ ਆਉਂਦੇ ਹਨ। ਸਿਰਫ ਐਨਾ ਹੀ ਨਹੀਂ, ਉਹ ਇਕ ਰੈਸਟੋਰੈਂਟ ਵੀ ਗਿਆ ਜਿਥੇ ਉਸ ਨੇ ਖਾਣਾ ਖਾਧਾ। ਚੇਤੇ ਰਹੇ ਕਿ ਕੁਝ ਦਿਨ ਪਹਿਲਾਂ ਟੈਕਸਸ ਵਿਖੇ ਦੋ ਬੱਚੀਆਂ ਦੀ ਖਸਰੇ ਕਾਰਨ ਮੌਤ ਹੋਈ ਅਤੇ 800 ਤੋਂ ਵੱਧ ਮਰੀਜ਼ ਸਾਹਮਣੇ ਆਏ। ਅਮਰੀਕਾ ਵਿਚ ਪਿਛਲੇ ਦੋ ਦਹਾਕਿਆਂ ਦੌਰਾਨ ਖਸਰਾ ਫੈਲਣ ਦਾ ਇਹ ਸਭ ਤੋਂ ਵੱਡਾ ਮਾਮਲਾ ਸਾਬਤ ਹੋਇਆ ਪਰ ਤਾਜ਼ਾ ਘਟਨਾ ਹੋਰ ਵੀ ਗੰਭੀਰ ਨਜ਼ਰ ਆ ਰਹੀ ਹੈ। ਇਸ ਵੇਲੇ ਅਮਰੀਕਾ ਦੇ ਅੱਠ ਰਾਜਾਂ ਵਿਚ ਖਸਰੇ ਦੇ ਮਰੀਜ਼ ਵਧਣ ਦੀ ਰਿਪੋਰਟ ਹੈ ਜਿਸ ਦੇ ਮੱਦੇਨਜ਼ਰ ਲੋਕਾਂ ਨੂੰ ਬਿਮਾਰੀ ਦੇ ਲੱਛਣ ਤੋਂ ਸੁਚੇਤ ਰਹਿਣ ਲਈ ਆਖਿਆ ਗਿਆ ਹੈ। ਮਜ਼ੂਰੀ ਵਿਚ ਹੁਣ ਤੱਕ ਸਿਰਫ਼ ਤਿੰਨ ਮਰੀਜ਼ ਸਾਹਮਣੇ ਆਏ ਹਨ ਅਤੇ ਇਨ੍ਹਾਂ ਵਿਚੋਂ ਕੋਈ ਵੀ ਉਸ ਮਰੀਜ਼ ਨਾਲ ਸਬੰਧਤ ਨਹੀਂ ਜੋ ਇਲੀਨੋਇ ਤੋਂ ਆਇਆ ਸੀ। ਦੂਜੇ ਪਾਸੇ ਇਲੀਨੋਇ ਵਿਚ ਛੇ ਮਰੀਜ਼ਾਂ ਦੀ ਤਸਦੀਕ ਕੀਤੀ ਗਈ ਅਤੇ ਇਨ੍ਹਾਂ ਵਿਚੋਂ ਕੋਈ ਵੀ ਐਕੁਏਰੀਅਮ ਵਾਲੇ ਮਰੀਜ਼ ਤੋਂ ਵਾਇਰਸ ਦੀ ਲਾਗ ਲੱਗਣ ਕਾਰਨ ਬਿਮਾਰ ਨਹੀਂ ਹੋਇਆ।


ROYAL CANADIAN IMMIGRATION

Free Initial Consultation

ਨਵਾਂ ਕੇਅਰਗਿਵਰ ਪ੍ਰੋਗਰਾਮ 31 ਮਾਰਚ ਤੋਂ ਸ਼ੁਰੂ ਹੋ ਗਿਆ ਹੈ।
ਆਪਣਾ ਕੇਸ ਅਪਲਾਈ ਕਰਨ ਲਈ ਅੱਜ ਹੀ ਸੰਪਰਕ ਕਰੋ

We Specialise in Express Entry PNP Program LMIA

WE HELP INTERNATIONAL STUDENTS CHANGE COLLEGE

*Super Visa *Skilled Worker Class *Business Class
*Visitor visa *Marriage and Parents Sponsorship *LMIA/Work Permit Student Visa
*Appeals H & C Application *PR Card & Citizenship
*Live-In-Caregiver (Nanny)

ਇੰਡੀਆ ਤੋਂ ਨੈਨੀ (ਕੇਅਰ ਗਿਵਰ) ਮੰਗਵਾਉਣ ਲਈ ਸਾਡੇ ਨਾਲ ਸੰਪਰਕ ਕਰੋ

ਜੇ ਤੁਸੀਂ ਵਿਆਹ ਕਰਵਾਉਣ ਲਈ ਇੰਡੀਆ ਜਾਣਾ ਹੈ ਤਾਂ ਸਾਡੇ ਕੋਲੋਂ ਫ਼ਰੀ ਮੈਰਿਜ ਕਿਟ ਲੈ ਕੇ ਜਾਓ। ਇਸ ਤਰ੍ਹਾਂ ਕਰਨ ਨਾਲ ਤੁਹਾਨੂੰ ਅਪੀਲਾਂ ਦੇ ਚੱਕਰਾਂ ਵਿਚ ਨਹੀਂ ਪੈਣਾ ਪਵੇਗਾ।

- 2023 Williams Pkwy E, Unit 4, Brampton, ON L6S 5N1

+1 905-495-3200

www.royalcanadianimmigration.com

Mount Pleasant Dentistry

MOUNT PLEASANT DENTISTRY

Our treatments and services are provided in a comfortable environment, designed according to high quality standards.

DR.MANDEEP MANDER is the primary dental care provider and dedicated professional. Who strongly believes in patient comfort.



OUR SERVICES
- Dental Ultrasonic Scaling
- Root Canal Treatment
- Extractions
- Fillings
- Orthodontic treatment (Invisalign & metal Braces)
- Digital X-Rays
- Billed directly to insurance

DR. MANDEEP MANDER

ACCEPTING CDCP PATIENTS NOW

SAME DAY EMERGENCY APPOINTMENTS AVAILABLE

More Info Call Us: (905) 454-6662

Visit Us for Details: www.mountpleasentdentalclinic.ca

15 ASHBY FIELD RD. UNIT 11 BRAMPTON, ONTARIO L6X 3B7

WellFort Community Health Services

# ASIAN HERITAGE MONTH

CELEBRATING UNITY & DIVERSITY: A MOSAIC OF CULTURES, HISTORIES, AND TRIUMPHS

FREE ADMISSION!

SCAN HERE TO REGISTER

CULTURAL DANCES
HENNA
KIDS ACTIVITIES
CULTURAL FOODS
GUEST SPEAKER
BLOOD SUGAR TESTING
BLOOD PRESSURE CHECKUP
FOOT CHECKUP
RAFFLE PRIZES
AND MUCH MORE!!!

FRIDAY MAY 30TH

1:00 PM - 4:30 PM

RONALD E. GROSHAW BRAMPTON MASONIC CENTRE

955 CLARK BLVD, BRAMPTON